# ਅਨਮੋਲ
## ਵਚਨ

ਮਹਾਰਾਜ ਦਰਸ਼ਨ ਦਾਸ

ਨਾਨਕ ਨਾਮ ਚੜ੍ਹਦੀ ਕਲਾ - ਤੇਰੇ ਭਾਣੇ ਸਰਬੱਤ ਦਾ ਭਲਾ।"

# ਅਨਮੋਲ - ਵਚਨ

## ਮਹਾਰਾਜ ਦਰਸ਼ਨ ਦਾਸ

ਜਾਰੀ ਕਰਤਾ-
ਸਚਖੰਡ ਨਾਨਕ ਧਾਮ
ਦਰਸ਼ਨ ਦਰਬਾਰ(ਯੂ.ਕੇ.),
ਰਜਿ.ਚੈਰਿਟੀ ਨੰਬਰ - 1071912(ਯੂ.ਕੇ.)
337, ਫੌਰ ਸਟ੍ਰੀਟ, ਐਡਮੌਂਟਨ, ਲੰਡਨ
ਐਨ9 ਐ ਐਨ ਯੂ
ਫੋਨ 0181-8036362, ਫੈਕਸ਼ 0181-8038549

# ਅਨਮੋਲ -ਵਚਨ

## ਮਹਾਰਾਜ ਦਰਸ਼ਨ ਦਾਸ

© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਸਚਖੰਡ ਨਾਨਕ ਧਾਮ
ਡੇਰਾ ਮਹਾਰਾਜ ਦਰਸ਼ਨ ਦਾਸ
ਰਜਿ. ਸੋਸਾਇਟੀ ਨੰਬਰ - ਐਸ-18257
ਇੰਦਰਾ ਪੁਰੀ ਲੋਨੀ ਰੋਡ
ਜ਼ਿਲ੍ਹਾ ਗਾਜ਼ੀਆਬਾਦ
ਉੱਤਰ ਪ੍ਰਦੇਸ਼ (ਇੰਡੀਆ)

# ਭੂਮਿਕਾ

ਅਸੀਂ ਇਹ ਕਿਤਾਬ ਮਹਾਰਾਜ ਜੀ ਦੀ ਕ੍ਰਿਪਾ ਅਤੇ ਮਿਹਰ ਦੇ ਸਦਕੇ ਆਪ ਸਭ ਜੀਵਾਂ ਦੀ ਜਾਣਕਾਰੀ ਲਈ ਭੇਂਟ ਕਰਦੇ ਹਾਂ।

ਅਸੀਂ ਆਸ ਕਰਦੇ ਹਾਂ ਕਿ ਜਿਹਨਾਂ ਜੀਵਾਂ ਦੇ ਹਿਰਦੇ ਰੱਬੀ ਤਲਾਸ਼ ਲਈ ਭਟਕ ਰਹੇ ਹਨ ਜਾਂ ਉਸਨੂੰ ਪਾਣ ਲਈ ਤੜਫ ਰਹੇ ਹਨ ਉਹਨਾਂ ਲਈ ਇਹ ਪੁਸਤਕ ਰੋਸ਼ਨ ਮੀਨਾਰ ਦਾ ਕੰਮ ਦੇਵੇਗੀ।

ਵਲੋਂ

ਸਚਖੰਡ ਨਾਨਕ ਧਾਮ
ਦਰਸ਼ਨ ਦਰਬਾਰ(ਯੂ.ਕੇ.),
ਰਜਿ.ਚੈਰਿਟੀ ਨੰਬਰ - 1071912(ਯੂ.ਕੇ.)
337, ਫੌਰ ਸਟ੍ਰੀਟ, ਐਡਮੌਂਟਨ, ਲੰਡਨ
ਐਨ9 ਔ ਐਨ ਯੂ

ਔਖਾ ਰਸਤਾ ਉਦੋਂ ਕੱਟਦਾ ਹੈ ਜਦੋਂ ਆਦਮੀ ਨੂੰ ਆਪਣੇ ਉੱਤੇ ਵਿਸ਼ਵਾਸ ਹੋ ਜਾਂਦਾ ਹੈ।

***

ਮਾਂ ਪੁੱਤਰ ਨੂੰ ਜਨਮ ਦਿੰਦੀ ਹੈ ਚੋਰ ਜਾਂ ਠੱਗ ਨੂੰ ਨਹੀਂ। ਚੋਰੀ-ਠੱਗੀ ਉਸ ਨੂੰ ਸੁਹਬਤ ਦੇ ਨਾਲ ਮਿਲਦੀ ਹੈ।

***

ਈਸ਼ਵਰ ਆਪਣੇ ਦਾਸਾਂ ਉੱਤੇ ਉਦੋਂ ਕਿਰਪਾਲ ਹੁੰਦਾ ਹੈ ਜਦੋਂ ਉਹ ਉਸ ਦੇ (ਈਸ਼ਵਰ) ਦਿੱਤੇ ਹੋਏ ਦੁਖ ਸੁਖ ਨੂੰ ਕਬੂਲ ਕਰਕੇ ਉਸਦੇ ਨਾਲ ਇੱਕ ਮੱਤ ਹੋ ਜਾਂਦਾ ਹੈ।

***

ਮਾਇਆ ਉੱਤੇ ਬੈਠਿਆ ਸੱਪ ਅੰਨ੍ਹਾ ਤਾਂ ਹੋ ਜਾਂਦਾ ਹੈ ਪਰ ਜ਼ਹਿਰ ਨਹੀਂ ਛੱਡਦਾ।

***

ਹਰ ਮਾਂ ਬੱਚੇ ਨੂੰ ਜਨਮ ਤਾਂ ਦੇ ਸਕਦੀ ਹੈ ਪਰ ਮਰਿਆਦਾ ਕੋਈ ਕੋਈ ਹੀ ਦੇ ਸਕਦੀ ਹੈ।

***

ਕਲਮ ਦੇ ਲੇਖਕ ਅਤੇ ਕਲਾਮ ਦੇ ਪੁਜਾਰੀ ਨੂੰ ਈਸ਼ਵਰ ਇਲਹਾਮ ਦਿੰਦਾ ਹੀ ਰਹਿੰਦਾ ਹੈ।

***

ਮੇਰੇ ਦਾਤੇ ਦਾ ਕਹਿਣਾ ਹੈ, ਮੱਥੇ ਤੇ ਤਿਲਕ ਮੇਰਾ ਨਿਸ਼ਾਨ ਹੈ ਇਸ ਵਿਚ ਉਹ ਸ਼ਾਂਤੀ ਹੈ, ਜਿਸ ਤੇ ਮੈਂ ਸਦਾ ਕਿਰਪਾਲ ਹਾਂ।

***

ਹੇ ਦਾਤਾ। ਮੈਨੂੰ ਉਹ ਰਾਹ ਦਵੀਂ ਜੋ ਤੇਰੇ ਘਰ ਦੇ ਵੱਲ ਲੈ ਜਾਵੇ, ਨਾ ਕਿ ਉਹ ਜੋ ਤੇਰੇ ਤੋਂ ਦੂਰ ਲੈ ਜਾਵੇ।

***

ਮੇਰਾ ਦਾਤਾ ਕਹਿੰਦਾ ਹੈ ਕਿ ਤੁਸੀਂ ਆਪਣਾ ਬਹੁਤਾ ਸਮਾਂ ਮੇਰੇ ਪਿਆਰਿਆਂ ਦੇ ਨਾਲ ਬਿਤਾਓ, ਮੈਂ ਤੁਹਾਨੂੰ ਦੁਨੀਆਂ ਦੇ ਤਮਾਮ ਸੁਖ ਬਿਨਾਂ ਤਰਸਾਏ ਦੇ ਦੇ ਵਾਂਗਾ।

❋❋❋

ਜਿਸ ਆਦਮੀ ਦੇ ਵਿਚਾਰ ਤੇ ਬੁੱਧੀ ਅਸ਼ੁੱਧ ਹੈ ਉਹ ਨਾ ਤਾਂ ਕਿਸੇ ਦਾ ਭਲਾ ਕਰ ਸਕਦਾ ਹੈ ਅਤੇ ਨਾ ਹੀ ਕਿਸੀ ਦਾ ਸਾਥ ਦੇ ਸਕਦਾ ਹੈ।

❋❋❋

'ਦਾਸ ਧਰਮ' ਦੁਨੀਆਂ ਦੀ ਉਹ ਸਤਹ ਹੈ ਜਿਸ ਤੇ ਹਰ ਜੀਵ ਨੂੰ ਆਪਣੇ ਪਾਪ ਬਖ਼ਸ਼ਾਉਣੇ ਦਾ ਖੁੱਲਾ ਮੋਕਾ ਦਿੱਤਾ ਜਾਂਦਾ ਹੈ, ਪਰ ਪਾਪ ਕਰਨ ਦਾ ਨਹੀਂ।

❋❋❋

ਧਰਮ ਆਪ ਸੁਤੰਤਰ ਹੈ ਅਤੇ ਦੁਨੀਆਂ ਨੂੰ ਸੁਤੰਤਰਤਾ ਦਾ ਸੰਦੇਸ਼ ਦਿੰਦਾ ਰਹਿੰਦਾ ਹੈ।

❋❋❋

'ਦਾਸ ਧਰਮ' ਕਿਸੇ ਵੀ ਕੌਮ ਮਜ਼੍ਹਬ ਅਤੇ ਸ਼ਾਸਨ ਦੇ ਅਧੀਨ ਕੰਮ ਨਾ ਕਰਦੇ ਹੋਏ, ਇਹ ਆਪਸ ਵਿਚਕਾਰ ਭਾਈਚਾਰਾ ਪੈਦਾ ਕਰੇਗਾ ਜੋ ਕਿ ਸਾਡੇ ਆਤਮਿਕ ਜ਼ਖ਼ਮਾਂ ਤੇ ਮਰਹਮ ਦਾ ਕੰਮ ਕਰੇਗਾ।

❋❋❋

'ਦਾਸ ਧਰਮ' ਨਾ ਤੇ ਕਿਸੇ ਤੋਂ ਡਰਦਾ ਹੈ, ਅਤੇ ਨਾ ਕਿਸੇ ਨੂੰ ਡਰਾਉਂਦਾ ਹੈ ਵਰਨ ਇਹ ਪਿਆਰ ਦਾ ਪੁਜਾਰੀ ਹੈ।

❋❋❋

ਜੇ ਤੁਸੀ ਕਿਸੇ ਤੋਂ ਸਤਿਕਾਰ ਪਾਉਣਾ ਚਾਹੁੰਦੇ ਹੋ ਤਾਂ ਪਹਿਲਾਂ ਕਿਸੇ ਨੂੰ ਸਤਿਕਾਰ ਦੇ ਕੇ ਦੇਖੋ।

❋❋❋

ਸੰਤਾਂ ਦੀ ਪਹੁੰਚ ਈਸ਼ਵਰ ਤੱਕ ਤਾਂ ਹੁੰਦੀ ਹੈ, ਪਰੰਤੂ ਸਧਾਰਨ ਜੀਵ ਤੱਕ ਨਹੀਂ।

❋❋❋

ਨਾਨਕ ਧਾਮ ਵਿਚ ਆਉਣ ਵਾਲੇ ਦਾਸੋ, ਤੁਹਾਡਾ ਈਸ਼ਵਰ ਇਕ ਹੈ ਅਤੇ ਤੁਹਾਡਾ ਧਰਮ ਵੀ ਇਕ ਹੈ ਅਤੇ ਉਹ ਹੈ 'ਇਨਸਾਨੀਅਤ।'

❊ ❊ ❊

ਆਨੰਦ ਦਾ ਵਾਸਤਵਿਕ ਅਰਥ ਹੈ ਸਬਰ ਅਤੇ ਸਿਦਕ।

❊ ❊ ❊

ਤੁਹਾਨੂੰ ਕਿਸੇ ਤਰ੍ਹਾਂ ਦੀ ਪਾਠ-ਪੂਜਾ ਅਤੇ ਦਾਨ-ਪੁੰਨ ਦੀ ਲੋੜ ਨਹੀਂ ਪਵੇਗੀ, ਜੇ ਤੁਸੀਂ ਆਪਣੇ ਅੰਦਰ ਈਸ਼ਵਰ ਦਾ ਡਰ ਰੱਖੋਗੇ।

❊ ❊ ❊

ਤੁਹਾਡਾ ਸੰਬੰਧ ਈਸ਼ਵਰ ਦੇ ਨਾਲ ਤੁਹਾਡੀ ਬੁੱਧੀਮਤਾ ਜਾਂ ਦੁਖ-ਸੁਖ ਦੇ ਸਮੇਂ ਉਸ ਨੂੰ ਯਾਦ ਕਰਨ ਨਾਲ ਨਹੀਂ ਬਲਕਿ ਉਹਦਾ ਨਾਤਾ ਤੁਹਾਡੇ ਨਾਲ ਮਾਂ-ਪਿਉ ਦੀ ਤਰ੍ਹਾਂ ਹੈ।

❊ ❊ ❊

ਧਰਮ ਤੁਹਾਡਾ ਵਾਦਾ ਤੇ ਕਰਮ ਤੁਹਾਡੀ ਜਾਤੀ ਹੈ, ਮਜਹਬ ਕੋਈ ਵੀ ਹੋ ਸਕਦਾ ਹੈ।

❊ ❊ ❊

ਪੂਰਨ ਪੁਰਖ ਜਾਂ ਸੰਤ ਸਾਨੂੰ ਸਮਾਜਕ ਬਧੰਨਾ ਤੋਂ ਆਜ਼ਾਦ ਕਰਵਾਉਣ ਆਉਂਦੇ ਹਨ, ਉਸ ਵਿਚ ਫਸਾਉਣ ਦੇ ਲਈ ਨਹੀਂ।

❊ ❊ ❊

ਨਾਨਕ ਧਾਮ ਵਿਚ ਆਉਣ ਵਾਲੇ ਦਾਸੋ, ਸਭ ਕੰਮ ਭੁਲਾ ਕੇ ਕਿਸੇ ਵੀ ਰੂਪ ਵਿਚ ਈਸ਼ਵਰ ਨੂੰ ਯਾਦ ਕਰ ਲਵੋ। ਉਹ ਆਪਣੇ ਆਪ ਕਬੂਲ ਕਰਕੇ ਆਪਣੇ ਕੰਮ ਪੂਰੇ ਕਰੇਗਾ। ਪਰ ਕਹਿਣਾ ਨਿਮਰਤਾ ਨਾਲ ਚਾਹੀਦਾ ਹੈ। ਹੰਕਾਰ ਨਾਲ ਨਹੀਂ।

❊ ❊ ❊

ਈਸ਼ਵਰ, ਰਿਖੀ ਬਾਲਮੀਕਿ ਦੇ ਪ੍ਰੇਮ ਨਾਲ ਮਰਾ-ਮਰਾ ਕਰਨੇ ਨਾਲ ਉਸ ਦੇ ਕਹਿਣ ਆ ਗਿਆ। ਪਰ ਹੰਕਾਰ ਵਿਚ ਆ ਕੇ ਪ੍ਰਭੂ-ਪ੍ਰਭੂ ਕਰਨ ਵਾਲਾ ਰਾਵਣ

ਬਣ ਗਿਆ।

❊ ❊ ❊

ਸਮੇਂ ਅਨੁਸਾਰ ਝੁਕਣਾ ਤੇ ਸਮੇਂ ਅਨੁਸਾਰ ਮੁੜ ਜਾਣਾ ਗੁਨਾਹ ਨਹੀ ਬਲਕਿ ਗੁਣ ਹੈ।

❊ ❊ ❊

ਜਦੋਂ ਤੁਹਾਡੇ ਦਿਲ ਵਿਚ ਈਸ਼ਵਰ ਦੀ ਸੱਚੀ ਯਾਦ ਵਸ ਜਾਵੇਗੀ, ਤਾਂ ਉਹ ਤੁਹਾਨੂੰ ਆਪਣੀ ਗੋਦ ਵਿਚ ਲੈ ਲਵੇਗਾ।

❊ ❊ ❊

ਈਸ਼ਵਰ ਕਿਸੇ ਮਜ਼ਹਬ ਜਾਂ ਕੌਮ ਦੇ ਲਈ ਧਰਤੀ ਤੇ ਨਹੀਂ ਆਉਂਦਾ। ਉਹ ਪੰਜ ਤੱਤ ਦਾ ਸਰੀਰ ਲੈ ਕੇ ਧਰਤੀ ਤੇ ਉਦੋਂ ਆਉਂਦਾਂ ਹੈ ਜਦੋਂ ਉਸਦੇ ਬਣਾਏ ਹੋਏ ਜੀਵਾਂ ਤੇ ਜ਼ੁਲਮ ਹੁੰਦਾ ਹੈ ਅਤੇ ਸਚਾਈ ਖਤਮ ਹੋ ਜਾਂਦੀ ਹੈ।

❊ ❊ ❊

ਰੱਬ ਨੂੰ ਯਾਦ ਕਰਨ ਵਾਲੇ ਉਸਦੇ ਪੁਤੱਰ, ਯਾਦ ਨਾ ਕਰਨ ਵਾਲੇ ਕਪੁਤੱਰ ਅਤੇ ਉਹ ਜੋ ਧਰਤੀ ਤੇ ਆ ਕੇ ਉਸ ਦਾ ਸੰਦੇਸ਼ ਦਿੰਦੇ ਹਨ ਉਸਦੇ ਸਪੁਤੱਰ ਕਹਿਲਾਉਂਦੇ ਹਨ। ਉਹਨਾਂ ਨੂੰ ਅਸੀਂ ਸੰਤ, ਨਬੀ ਜਾਂ ਪੀਰ ਪੈਗੰਬਰ ਵੀ ਆਖ ਸਕਦੇ ਹਾਂ।

❊ ❊ ❊

ਰੱਬ ਨੇ ਇਕ ਹੀ ਧਰਮ ਬਣਾਇਆ ਹੈ 'ਇਨਸਾਨੀਅਤ' ਜਿਸ ਦੇ ਦਿਲ ਵਿਚ ਦਇਆ, ਸਤ, ਸੰਤੋਖ, ਅਤੇ ਨਾਮ ਦਾ ਵਾਸ ਹੈ।

❊ ❊ ❊

ਸੰਤ ਤੁਹਾਨੂੰ ਦਾਨ ਦਿੰਦੇ ਹਨ, ਪਰ ਤੁਸੀਂ ਸੁਖਣਾ ਸੁਖ-ਸੁਖ ਕੇ ਸਜਾ ਭੋਗਦੇ ਹੋ।

❊ ❊ ❊

ਮੇਰੇ ਰੱਬ ਦਾ ਸੰਦੇਸ਼ ਤੁਹਾਡੇ ਭਾਈਚਾਰੇ ਦੇ ਲਈ ਹੈ। ਉਹਨਾਂ ਨੂੰ ਮਨਿਣ ਵਾਲਾ ਤੇ ਉਸ ਤੇ ਚਲਣ ਵਾਲਾ ਭਾਈਚਾਰੇ ਅਤੇ ਬੁੱਧੀਮਤਾ ਦਾ ਸਵਾਮੀ

ਆਪਣੀਆਂ ਇੱਛਾਵਾਂ ਨੂੰ ਛੱਡ ਕੇ ਦੂਜਿਆਂ ਦੀਆਂ ਇੱਛਾਵਾਂ ਨੂੰ ਪੂਰੀਆਂ ਕਰਨਾ ਜਾਂ ਆਪ ਭੁਖਿਆਂ ਰਹਿ ਕੇ ਦੂਜਿਆਂ ਦੇ ਪੇਟ ਭਰਨ ਵਿਚ ਹੀ ਅਸਲੀ ਖੁਸ਼ੀ ਹੈ।

***

ਜਿਹੜੇ ਲੋਕੀ ਲਕੀਰ ਦੇ ਫਕੀਰ ਹੁੰਦੇ ਹਨ ਉਹਨਾਂ ਦਾ ਹਾਲ ਭੇਡਾਂ ਵਰਗਾ ਹੈ ਸ਼ੇਰ ਵਰਗਾ ਨਹੀਂ। ਇਹ ਉਹਨਾਂ ਦੀ ਆਦਤ ਕਿਸਮਤ ਜਾਂ ਜੁਗਤੀ ਨਹੀਂ ਬਲਕਿ ਬੇਸਮਝੀ ਜਾਂ ਭੋਲਾਪਣ ਹੈ ਕਿ ਉਹ ਆਪਣਾ ਜੀਵਣ ਸੰਵਾਰਣ ਵਾਸਤੇ ਆਪ ਰਾਹ ਨਹੀਂ ਲੱਭਦੇ।

***

ਮੇਰਾ ਦਾਤਾ ਆਖਦਾ ਹੈ ਕਿ, ' ਜੇ ਕਰ ਤੁਸੀਂ ਆਪਣਾ ਰਾਹ ਆਪ ਲਭੋਗੇ ਤਾਂ ਹਰ ਰਾਹ ਉੱਤੇ ਮੈਂ ਤੁਹਾਡਾ ਇੱਕ ਨੇਕ ਸਾਥੀ, ਇੱਕ ਹਮਰਾਹੀ ਤੇ ਹਮਰਾਜ ਬਣ ਕੇ ਤੁਹਾਡੀ ਮਦਦ ਕਰਾਂਗਾ।'

***

ਮੇਰਾ ਦਾਤਾ ਆਖਦਾ ਹੈ ਕਿ 'ਜਦੋਂ ਤੁਸੀਂ ਸਭ ਲੋਕ ਆਪਣੇ ਅਸਲੀ ਘਰ ਵੱਲ ਚੱਲ ਪਵੋਗੇ ਤਾਂ ਮੇਰੇ ਘਰ ਦਾ ਦਰਵਾਜਾ ਤੁਹਾਡੇ ਲਈ ਆਪਣੇ ਆਪ ਖੁੱਲ੍ਹ ਜਾਵੇ ਗਾ।

***

ਮੇਰਾ ਦਾਤਾ ਆਖਦਾ ਹੈ ਕਿ 'ਜਦੋਂ ਤੁਸੀਂ ਮੇਰੇ ਜੀਵਾਂ ਨਾਲ ਪਿਆਰ ਕਰਣ ਲੱਗ ਜਾਉਗੇ ਤਾਂ ਤੁਹਾਡਾ ਹਰ ਪਲ ਮੇਰੇ ਘਰ ਵਿਚ ਬੰਦਗੀ ਬਣਦਾ ਜਾਵੇਗਾ।

***

ਸੰਤ ਹਮੇਸ਼ਾਂ ਜੀਵ ਦੇ ਆਤਮਾ ਰੂਪੀ ਦੀਵੇ ਨੂੰ ਜਲਾਉਣ ਆਉਂਦੇ ਹਨ ਨਾ ਕਿ ਬੁਜਾਉਣ।

***

ਮੇਰਾ ਦਾਤਾ ਕਹਿੰਦਾ ਹੈ ਕਿ ਜਦੋਂ ਤੁਸੀਂ ਲੋਕ ਮੇਰੇ ਨਾਲ ਪੂਰੀ ਤਰ੍ਹਾਂ ਜੁੜ ਜਾਵੋਗੇ ਤਾਂ ਮੈਂ ਤੁਹਾਡੀਆਂ ਆਉਣ ਵਾਲੀਆਂ ਔਕੜਾਂ ਨੂੰ ਸੁਲਝਾਕੇ ਤੁਹਾਡੀ ਝੋਲੀ ਨੂੰ ਖੁਸ਼ੀਆਂ ਨਾਲ ਭਰ ਦੇਵਾਂਗਾ।

ਮੇਰਾ ਦਾਤਾ ਕਹਿੰਦਾ ਹੈ ਕਿ ਜਦੋਂ ਮੈ ਕਿਸੇ ਨੂੰ ਆਪਣੀ ਸੱਚੀ ਯਾਦ ਦੇਣੀ ਹੁੰਦੀ ਹੈ ਤਾਂ ਮੈਂ ਉਸ ਨੂੰ ਦੁਨਿਆਵੀ ਦੁਖ ਅਤੇ ਦੂਰੀ ਦੇ ਦਿੰਦਾ ਹਾਂ।

***

ਰੱਬ ਜਦੋਂ ਇਨਸਾਨ ਦੇ ਦਿਆਲ ਹੁੰਦਾ ਹੈ ਤਾਂ ਉਸ ਦੇ ਹੱਥ ਵਿਚ ਆਪਣੀ ਕਲਮ ਦੇ ਕੇ ਕਹਿੰਦਾ ਹੈ ਕਿ ਜੋ ਤੂੰ ਲਿਖ ਦੇਵੇਂਗਾ ਮੈਂ ਉਸ ਨੂੰ ਕਬੂਲ ਕਰ ਲਵਾਂਗਾ।

***

ਮੇਰਾ ਦਾਤਾ ਜਦੋਂ ਆਪਣੇ ਭਗਤਾਂ ਤੇ ਦਿਆਲ ਹੁੰਦਾ ਹੈ ਤਾਂ ਉਹਨਾਂ ਵਿਚ ਪ੍ਰੇਮ ਦਾ ਜਜ਼ਬਾ ਭਰਦਾ ਹੈ ਤਲਵਾਰ ਦਾ ਨਹੀਂ।

***

ਰੱਬ ਜੀਵ ਨੂੰ ਕੇਵਲ ਜਨਮ ਦਿੰਦਾ ਹੈ ਦੁਖ-ਸੁਖ ਨਹੀਂ। ਦੁਖ ਸੁਖ ਜੀਵ ਨੂੰ ਉਸ ਦੇ ਕਰਮਾਂ ਦੇ ਮੁਤਾਬਿਕ ਮਿਲਦੇ ਹਨ।

***

ਨਾਮੀ ਜੀਵ ਦੀ ਅਧਿਆਤਮਿਕ ਅਵਸਥਾ ਉਸ ਦੀ ਆਪਣੀ ਭਾਵਨਾ, ਇਰਾਦੇ ਅਤੇ ਨਾਮ ਕਮਾਈ ਉੱਤੇ ਨਿਰਭਰ ਕਰਦੀ ਹੈ।

***

ਜੀਵ ਨੂੰ ਸੰਤਾ ਦੇ ਰੱਬੀ ਹੌਕਿਆਂ ਦਾ ਕੇਵਲ ਆਨੰਦ ਹੀ ਨਹੀ ਮਾਨਣਾ ਕਰਨਾ ਚਾਹੀਦਾ ਸਗੋ ਉਹਨਾਂ ਨੂੰ ਆਪਣੇ ਜੀਵਨ ਵਿੱਚ ਅਪਣਾਕੇ ਆਪਣੇ ਆਪ ਨੂੰ ਉਹਨਾਂ ਦੇ ਮੁਤਾਬਿਕ ਢਾਲਣਾ ਚਾਹੀਦਾ ਹੈ।

***

ਮੇਰਾ ਦਾਤਾ ਕਹਿੰਦਾ ਹੈ ਜੋ ਜੀਵ ਮੇਰੀ ਦਿੱਤੀ ਹੋਈ ਵਸਤੂ ਨੂੰ ਧੰਨਵਾਦ ਸਮੇਤ ਪ੍ਰਸ਼ਾਦ ਸਮਝਕੇ ਕਬੂਲ ਕਰ ਲਵੇਗਾ। ਉਸਨੂੰ ਮੈਂ ਵੀ ਕਬੂਲ ਕਰ ਲਵਾਂਗਾ।

***

ਮੇਰਾ ਰੱਬ ਕਿਰਪਾਲ ਅਤੇ ਦ੍ਰਿਸ਼ਟੀਵਾਨ ਹੈ ਜੋ ਸਾਡੇ ਔਗੁਣਾ ਅਤੇ ਪਾਪਾਂ ਨੂੰ ਨਾ ਜਤਲਾਂਦੇਂ ਹੋਏ ਸਾਨੂੰ ਆਪਦੀ ਪਵਿੱਤਰ ਗੋਦ ਵਿਚ ਲੈ ਕੇ ਦੁਨੀਆਂ ਭਰ ਦੀ ਇਜ਼ਤ ਅਤੇ ਮਾਣ ਦਵਾਉਂਦਾ ਹੈ।

✻ ✻ ✻

ਆਪਣੀਆਂ ਗਲਤੀਆਂ ਨੂੰ ਵਾਰ-ਵਾਰ ਦੋਸ਼ਣ ਦੀ ਬਜਾਏ ਚੰਗਾ ਇਹ ਹੈ ਕਿ ਉਹਨਾਂ ਨੂੰ ਭੁਲਾਕੇ ਭਵਿੱਖ ਵਿਚ ਆਪਣੇ ਵਿਚ ਇੱਕ ਨਵੀਂ ਤੇ ਸੱਚੀ ਅਤੇ ਪਵਿੱਤਰ ਚੀਜ਼ ਪਾਣ ਵਾਸਤੇ ਆਪਣਾ ਜਨੂਨ, ਜਮੀਰ ਅਤੇ ਸ਼ਰੀਰ ਕਿਸੇ ਪੂਰਣ ਪੁਰਖ ਦੀ ਸ਼ਰਣ ਵਿਚ ਅਰਪਣ ਕਰ ਦਵੋ। ਤਦ ਉਹ ਤੁਹਾਡੀ ਸਭ ਜੰਜੀਰਾਂ ਦਾ ਫੰਦਾ ਤੋੜ ਦਵੇਗਾ।

✻ ✻ ✻

ਮੇਰਾ ਰੱਬ ਕਹਿੰਦਾ ਹੈ ਜਦੋਂ ਤੁਸੀਂ ਝੂਠ ਨੂੰ ਪੂਰੀ ਤਰ੍ਹਾਂ ਛੱਡਣ ਲਈ ਤਿਆਰ ਹੋ ਜਾਉਗੇ ਤਾਂ ਮੈਂ ਤੁਹਾਨੂੰ ਸੱਚਾ ਰਸਤਾ ਤੇ ਸੱਚ ਬੋਲਣ ਦੀ ਹਿੰਮਤ ਦੇ ਦੇ ਵਾਂਗਾ।

✻ ✻ ✻

ਮੇਰਾ ਦਾਤਾ ਕਹਿੰਦਾ ਹੈ ਜਦੋਂ ਤੁਸੀਂ ਦੇਣ ਦੇ ਲਈ ਤਿਆਰ ਹੋ ਜਾਉਂ ਮੈਂ ਤੁਹਾਡੇ ਸਾਰੇ ਪਾਪ ਲੈ ਲਵਾਂਗਾ, ਗੁਣ ਨਹੀਂ। ਤੁਸੀਂ ਲੈਣ ਦੇ ਲਈ ਤਿਆਰ ਹੋ ਜਾਉ ਮੈਂ ਸਾਰੀ ਦੁਨੀਆਂ ਦੇ ਗੁਣ ਅਤੇ ਖ਼ਜਾਨੇ ਤੁਹਾਡੀ ਝੋਂਲੀ ਵਿਚ ਪਾ ਦੇਵਾਂਗਾ।

✻ ✻ ✻

ਮੇਰਾ ਦਾਤਾ ਆਖਦਾ ਹੈ ਕਿ ਹੇ ਦੁਨੀਆਂ ਦੇ ਜੀਵੋ ਤੁਸੀਂ ਆਪਣੇ ਬਣਾਏ ਹੋਏ ਰੱਬੀ ਘਰ ਭਾਵ ਮੰਦਿਰ, ਮਸੀਤ, ਗੁਰੂਦਵਾਰੇ ਦੀ ਸਫਾਈ ਕੀ ਕਰੋਗੇ। ਸਭ ਤੋਂ ਪਹਿਲਾਂ ਆਪਣੇ ਘਰ (ਸਰੀਰ) ਦੀ ਸਫਾਈ ਕਰੋ ਭਾਵ ਇਸ ਵਿਚੋਂ ਝੂਠ, ਕਪਟ, ਫਰੇਬ ਦਾ ਕੂੜਾ ਕੱਢੋ।

✻ ✻ ✻

ਜੋ ਜ਼ੁਲਮ ਕਰਦੇ ਹਨ ਉਹ ਕਾਇਰ ਹੁੰਦੇ ਹਨ ਅਤੇ ਜੋ ਬਚਾਉਂਦੇ ਹਨ·ਉਹ ਸੂਰਮੇ ਕਹਾਉਣ ਦੇ ਕਾਬਲ ਨੇ।

✻ ✻ ✻

ਰੱਬ ਨੂੰ ਆਪਣੇ ਭਗਤਾਂ ਦੀ ਤਲਾਸ਼ ਹੁੰਦੀ ਹੈ ਭਗਤੀ ਕਰਣ ਵਾਲਿਆਂ ਦੀ ਨਹੀਂ।

❋ ❋ ❋

ਜਨਤਾ ਨੂੰ ਰਾਜੇ ਦੀ ਲੋੜ ਹੁੰਦੀ ਹੈ ਮੰਤਰੀ ਦੀ ਨਹੀਂ। ਰਾਜੇ ਨੂੰ ਮੰਤਰੀ ਦੀ ਲੋੜ ਹੁੰਦੀ ਹੈ ਜਨਤਾ ਦੀ ਨਹੀ।

❋ ❋ ❋

ਮੇਰਾ ਰੱਬ ਜਦੋਂ ਕਿਰਪਾਲ ਹੋ ਕੇ ਆਪਣੀ ਕਿਰਪਾ ਅਤੇ ਦਿਆਲਤਾ ਦੀ ਵਰਖਾ ਜੀਵ ਉੱਤੇ ਕਰਦਾ ਹੈ ਤਾਂ ਉਹ ਜੀਵ ਦੇ ਸਾਰੇ ਪਾਪਾਂ ਨੂੰ ਧੋ ਦਿੰਦਾ ਹੈ ਜਿਸ ਤੋਂ ਜੀਵ ਦਾ ਜੀਵਨ ਆਨੰਦ ਨਾਲ ਭਰ ਜਾਂਦਾ ਹੈ।

❋ ❋ ❋

ਮੇਰਾ ਦਾਤਾ ਆਖਦਾ ਹੈ ਕਿ ਮੈਂ ਤੁਹਾਡੀ ਸੱਚੀ ਯਾਦ ਦਾ ਮਾਲਕ ਹਾਂ ਮੈਨੂੰ ਜਿੱਥੇ ਵੀ ਸੱਚੇ ਮਨ ਨਾਲ ਯਾਦ ਕਰੋਗੇ ਮੈਂ ਉੱਥੇ ਹੀ ਤੁਹਾਡੇ ਅੰਗ-ਸੰਗ ਆ ਖੜਾ ਹੋਵਾਂਗਾ।

❋ ❋ ❋

ਰੱਬ ਇਨਸਾਨ ਉੱਤੇ ਜ਼ੁਲਮ ਨਹੀਂ ਕਰਦਾ। ਉਹ ਤਾਂ ਜ਼ੁਲਮ ਤੋਂ ਬਚਾਉਂਦਾ ਹੈ ਉਹ ਜ਼ੁਲਮ ਕਰਨਾ ਸਿਖਾਉਂਦਾ ਨਹੀਂ ਬਲਕਿ ਉਸ ਤੋਂ ਬੱਚਣ ਦਾ ਢੰਗ ਦਸਦਾ ਹੈ।

❋ ❋ ❋

ਉਹ ਕਿਰਪਾ ਕਰਦਾ ਹੈ ਤਾਂ ਹੀ ਪ੍ਰੀਤ ਜਾਗਦੀ ਹੈ।

❋ ❋ ❋

ਮੇਰਾ ਰੱਬ ਆਖਦਾ ਹੈ ਕਿ ਮੈਂ ਇਨਸਾਨ ਨੂੰ ਗ਼ਲਤ ਰਾਹ ਤੇ ਚਲੱਣ ਅਤੇ ਜ਼ੁਲਮ ਕਰਨ ਦੀ ਛੁਟ ਕੁਝ ਸਮੇਂ ਤੱਕ ਹੀ ਦਿੰਦਾ ਹਾਂ। ਜੇਕਰ ਉਹ ਇਸ ਨੂੰ ਛੱਡ ਦੇਵੇ ਤਾਂ ਮੈਂ ਉਸ ਨੂੰ ਬਖਸ਼ ਕੇ ਆਪਣੀ ਗੋਦ ਵਿਚ ਲੈ ਲੈਂਦਾ ਹਾਂ। ਨਹੀਂ ਤਾਂ ਉਸ ਨੂੰ ਮਾਤ ਗਰਭ ਵਿਚ ਨੌ ਮਹੀਨੇ ਉਲਟਾ ਲਟਕਣ ਦੀ ਸਜਾਂ ਦਿੰਦਾ ਹਾਂ ਕਿਉਂਕਿ ਸਭ ਦੀ ਡੋਰ ਮੇਰੇ ਹੱਥ ਹੈ ਅਤੇ ਮੇਰੇ ਤੋਂ ਕੋਈ ਵੀ ਨਹੀ ਬੱਚ ਸਕਦਾ।

❋ ❋ ❋

ਅਸਲੀ ਸਚੀ ਪ੍ਰੀਤ ਜਾਂ ਪਿਆਰ ਉਹ ਹੈ ਜਿਸ ਵਿਚ ਪਾਪ-ਪੁੰਨ, ਵਿਚਾਰ ਜਾਂ ਦੁਨੀਆਂ ਦੇ ਬਾਹਰੀ ਬੰਧਨਾ ਦਾ ਡਰ ਨਾ ਹੋਵੇ ਪਰ ਜੋ ਇਹਨਾਂ ਸਮਾਜਕ ਬੰਧਨਾਂ ਦੇ ਅਧੀਨ ਹੁੰਦੀ ਹੈ ਉਹ ਅਸਲੀ ਪ੍ਰੀਤ ਪ੍ਰੇਮ ਨਹੀਂ ਬਲਕਿ ਤੁਹਾਡੀ ਜ਼ਰੂਰਤ ਹੈ ਜਿਸ ਵਿਚ ਆਪਣੇ ਸੁਖ ਪ੍ਰਾਪਤ ਕਰਨ ਦੀ ਤੁਹਾਡੀ ਪਸ਼ੂਆਂ ਵਾਲੀ ਵਾਸਨਾ ਜੁੜੀ ਹੁੰਦੀ ਹੈ।

❊ ❊ ❊

ਜੋ ਜਾਤੀ ਜਾਂ ਸ਼੍ਰੇਣੀ ਦੂਜਿਆਂ ਨੂੰ ਦਬਾਕੇ ਜਾਂ ਮਾਰ ਕੇ ਰਾਜ ਕਰਨਾ ਚਾਹੁੰਦੀ ਹੈ ਉਸ ਦਾ ਨਾਮੋ-ਨਿਸ਼ਾਨ ਜ਼ਿਆਦਾ ਦੇਰ ਤਕ ਨਹੀਂ ਰਹਿੰਦਾ। ਅਟਲ ਰਾਜ ਕੇਵਲ ਪਿਆਰ ਦਾ ਹੀ ਰਹਿ ਸਕਦਾ ਹੈ।

❊ ❊ ❊

ਮੇਰਾ ਦਾਤਾ ਆਖਦਾ ਹੈ ਕਿ ਤੁਹਾਡੀਆਂ ਕਬਰਾਂ ਨਹੀਂ ਬਲਕਿ ਤੁਹਾਡੇ ਕਾਰਵਾਂ ਅਤੇ ਕਾਫਿਲੇ ਵੱਖ-ਵੱਖ ਹੋ ਗਏ ਹਨ।

❊ ❊ ❊

ਬੁਰੇ ਆਦਮੀ ਤੋਂ ਡਰੋ ਨਹੀਂ ਕੇਵਲ ਉਸ ਤੋਂ ਬਚੱਣ ਦੀ ਕੋਸ਼ਿਸ਼ ਕਰੋ ਜੇਕਰ ਡਰਨਾ ਹੀ ਹੈ ਤਾਂ ਕੇਵਲ ਆਪਣੀਆਂ ਬੁਰਾਈਆਂ ਤ ਡਰੋਂ।

❊ ❊ ❊

ਮੁਹਬੱਤ ਕਾਇਰ ਨਹੀਂ, ਇਨਸਾਨ ਕਾਇਰ ਹੈ। ਮੁਹਬੱਤ ਕਰਾਰ ਨਹੀਂ, ਕਰਾਰ ਮੁਹਬੱਤ ਹੈ।

❊ ❊ ❊

ਦਇਆ ਅਤੇ ਮਿਹਰ ਈਸ਼ਵਰ ਕਰਦਾ ਹੈ ਪਰ ਕਿਰਪਾ ਸੰਤ ਕਰਦੇ ਹਨ।

❊ ❊ ❊

ਤੰਗ ਦਿਲੀ ਇਨਸ਼ਾਨ ਦਾ ਜਮੀਰ ਨਹੀਂ ਕੰਮਜ਼ੋਰੀ ਹੈ।

❊ ❊ ❊

ਸਚਖੰਡ ਨਾਨਕ ਧਾਮ ਵਿੱਚ ਆਉਣ ਵਾਲੇ ਦਾਸੋਂ ਤੁਸੀਂ ਇਸ ਧਾਮ ਦੇ ਖੰਬੇ ਹੋ ਜਿਸ ਉੱਤੇ ਦੁੱਖੀ ਲੋਕਾਂ ਦੇ ਦੁੱਖਾਂ ਦੀ ਛੱਤ ਟਿੱਕੇਗੀ। ਆਪਣੇ ਆਪ ਨੂੰ ਇਨ੍ਹਾਂ

ਕੂ ਮਜ਼ਬੂਤ ਕਰ ਲਵੋ ਕਿ ਜੇਕਰ ਕਿਤੇ ਦੂਜਿਆਂ ਲਈ ਦੁੱਖ ਵੀ ਸਹਿਣਾ ਪੈ ਜਾਵੇ ਤਾਂ ਹੱਸ ਕੇ ਝੱਲ ਸਕੋ।

❋ ❋ ❋

ਨਾਨਕ ਧਾਮ ਝੁੱਕਣਾ ਜਾਂ ਝੁਕਾਉਣਾ ਨਹੀ ਜਾਣਦਾ ਉਹ ਤਾਂ ਕੇਵਲ ਦੂਜਿਆਂ ਨੂੰ ਚੁਕੱਣਾ ਜਾਣਦਾ ਹੈ।

❋ ❋ ❋

ਗੁਰੂ ਸੇਵਕ ਦੇ ਹਮੇਸ਼ਾ ਅੰਗ ਨਹੀਂ ਬਲਕਿ ਸੰਗ ਰਹਿੰਦਾ ਹੈ।

❋ ❋ ❋

ਪੂਰਨ ਪੁਰਖ ਦੀ ਆਪਣੇ ਸੇਵਕ ਉੱਤੇ ਰੱਬੀ ਕਿਰਪਾ ਦੀ ਨਿਸ਼ਾਨੀ ਹੈ,ਉਸਦੇ ਸੰਸਾਰਿਕ ਦੁੱਖ ਦਰਿਦੱਰ ਤੇਆਣੇ ਤੋਂ ਦੂਰ ਨਾ ਕਿ ਸੰਸਾਰਿਕ ਸੁੱਖ ਤੇ ਨਜ਼ਦੀਕੀ।

❋ ❋ ❋

ਬਦੀ ਕਰਦੇ ਸਮੇਂ ਹਮੇਸ਼ਾਂ ਸੋੱਚੋ ਪਰ ਨੇਕੀ ਕਰਦੇ ਸਮੇਂ ਨਹੀਂ।

❋ ❋ ❋

ਸੰਤ ਸਾਨੂੰ ਸੰਸਾਰ ਦੀਆਂ ਝੂਠੀਆਂ ਇੱਛਾਵਾਂ ਨਾਲੋਂ ਤੋੜ ਕੇ ਸੱਚੀਆਂ ਇੱਛਾਵਾਂ ਨਾਲ ਜੋੜਦੇ ਹਨ।

❋ ❋ ❋

ਰੱਬ ਨੂੰ ਭੁਲ ਕੇ ਤੁਸੀਂ ਸੰਸਾਰਿਕ ਸੁੱਖ ਤਾਂ ਪਾ ਸਕਦੇ ਹੋ ਪਰ ਆਤਮਿਕ ਖ਼ੁਸ਼ੀ ਨਹੀਂ।

❋ ❋ ❋

ਰੱਬ ਕਰਣਹਾਰ ਹੈ ਜਦਕਿ ਸੰਤ ਕਰਾਵਣਹਾਰ ਹੁੰਦੇ ਹਨ।

❋ ❋ ❋

ਗਲਤੀ ਮੰਨ ਲੈਣਾ ਗੁਣ ਹੈ ਗੁਨਾਹ ਨਹੀਂ।

❋ ❋ ❋

ਰੱਬ ਤੁਹਾਡੀ ਸ਼ਰਣ ਹੈ ਸ਼ਰਧਾ ਨਹੀਂ।

ਰੱਬ ਨੂੰ ਤੁਹਾਡੀ ਭਗਤੀ ਦੀ ਨਹੀਂ ਤੁਹਾਡੇ ਪਿਆਰ ਅਤੇ ਸੱਚੀ ਯਾਦ ਦੀ ਲੋੜ ਹੈ।

❊ ❊ ❊

ਕਦੇ-ਕਦੇ ਕੀਤੀਆਂ ਗਈਆਂ ਤਕਰੀਰਾਂ ਵੀ ਤਕਸੀਰਾਂ ਬਣ ਜਾਂਦੀਆਂ ਹਨ ਜੋ ਕਿ ਇਨਸਾਨ ਦਾ ਇਮਾਨ ਬਣਕੇ ਰਹਿ ਜਾਂਦੀਆਂ ਹਨ।

❊ ❊ ❊

ਸੰਤਾ ਦੇ ਦਰਬਾਰ ਵਿਚ ਭਾਵਨਾ ਦੀ ਕਦਰ ਪੈਂਦੀ ਹੈ ਬੱਧੀ ਅਤੇ ਚਤੁਰਾਈ ਦੀ ਨਹੀਂ।

❊ ❊ ❊

ਆਮ ਲੋਕ ਆਖਦੇ ਹਨ ਦੀਵੇ ਥੱਲੇ ਹਨੇਰਾ ਪਰ ਉਹ ਦੀਵੇ ਦੀ ਕੁਰਬਾਨੀ ਨਹੀ ਵੇਖ ਪਾਂਦੇ ਕਿ ਉਹ ਆਪ ਹਨੇਰੇ ਵਿਚ ਰਹਿਕੇ ਦੂਜਿਆਂ ਨੂੰ ਰੋਸ਼ਨੀ ਦਿੰਦਾ ਹੈ।

❊ ❊ ❊

ਤੁਸੀਂ ਆਪਣੀ ਇੱਜਤ ਵਾਸਤੇ ਰਾਵਣ ਬਣ ਜਾਂਦੇ ਹੋ ਪਰ ਸੰਤ ਤੁਹਾਡੇ ਵਾਸਤੇ ਰਾਮ ਬਣ ਜਾਂਦੇ ਹਨ।

❊ ❊ ❊

ਜਿਸ ਕੌਮ, ਮਜਹਬ ਅਤੇ ਰਾਜ ਵਿਚ ਆਪਣਾਪਨ ਆ ਜਾਵੇ ਤਾਂ ਸਮਝੋ ਕਿ ਉਹ ਖ਼ਤਮ।

❊ ❊ ❊

ਰੱਬ ਬੇ-ਪਰਵਾਹ ਹੈ ਅਤੇ ਬਾ-ਪਰਵਾਹ ਹੈ ਪਰ ਲਾਪਰਵਾਹ ਨਹੀਂ ਇਨਸਾਨ ਹੈ।

❊ ❊ ❊

ਮੇਰਾ ਦਾਤਾ ਆਖਦਾ ਹੈ ਜਿੱਥੇ ਵਿਚਾਰ ਹਨ ਉੱਥੇ ਤਲਵਾਰ ਦੀ ਲੋੜ ਨਹੀਂ ਹੁੰਦੀ।

❊ ❊ ❊

ਤੁਸੀਂ ਜੀਵ ਇੰਦਰੀਆਂ ਦੇ ਜੰਜਾਲ ਵਿਚ ਫਸੱਕੇ ਦਿਲ ਤੋਂ ਸੋਚਦੇ ਹੋ ਜਿਸ ਦਾ

ਨਤੀਜਾ ਕਈ ਵਾਰ ਗ਼ਲਤ ਹੋ ਜਾਂਦਾ ਹੈ ਪਰ ਸੰਤ ਇੰਦਰੀਆਂ ਤੋਂ ਉੱਤੇ ਉੱਠਕੇ ਦਿਮਾਗ ਨਾਲ ਸੋਚਦੇ ਹਨ ਜਿਸ ਕਰਕੇ ਉਹਨਾਂ ਦੀ ਹਰ ਸੋਚ ਦੂਰਅੰਦੇਸ਼ੀ ਨਾਲ ਭਰਪੂਰ ਹੁੰਦੀ ਹੈ।

❊ ❊ ❊

ਸੰਸਾਰਿਕ ਜੀਵ ਸੰਤ ਸ਼ਰਣ ਵਿਚ ਜਾ ਕੇ ਆਪਣੇ ਤਨ ਦੀ ਸ਼ੁਧੀ,ਨਿਸ਼ਕਾਮ ਸੇਵਾ ਨਾਲ, ਮਨ ਦੀ ਸ਼ੁੱਧੀ ਭਜਨ-ਬੰਦਗੀ ਜਾਂ ਰੱਬਦੀ ਸੱਚੀ ਯਾਦ ਨਾਲ ਅਤੇ ਧੰਨ ਦੀ ਸ਼ੁੱਧੀ, ਦਾਨ-ਪੁੰਨ ਕਰਕੇ ਕਰ ਸਕਦਾ ਹੈ।

❊ ❊ ❊

ਰੱਬ ਤੁਹਾਡਾ ਖੌਫ਼ (ਡਰ) ਨਹੀਂ ਖ਼ੁਸ਼ੀ ਹੈ।

❊ ❊ ❊

101. ਮੇਰਾ ਦਾਤਾ ਅੰਤਰਯਾਮੀ ਹੈ ਉਹ ਆਪਣੇ ਸੇਵਕਾਂ ਨੂੰ ਸਮੇਂ ਮੁਤਾਬਕ ਬਿਨਾਂ ਮੰਗੇ ਹੀ ਸਭ ਕੁਝ ਦਿੰਦਾ ਰਹਿੰਦਾ ਹੈ ਪਰ ਕਈ ਵਾਰੀ ਉਹ ਸੇਵਕ ਦੀਆਂ ਅਰਦਾਸਾਂ ਇਸ ਵਾਸਤੇ ਪੂਰੀਆਂ ਨਹੀਂ ਕਰਦਾ ਕਿਉਂਕਿ ਉਹ ਸੇਵਕ ਲਈ ਫਾਇਦੇਮੰਦ ਨਹੀਂ ਹੁੰਦੀ ਜਾਂ ਉਹ ਉਸ ਦੀ ਕਿਰਪਾ ਦ੍ਰਿਸ਼ਟੀ ਦੇ ਕਾਬਲ ਨਹੀਂ ਹੋਇਆ ਹੁੰਦਾ।

❊ ❊ ❊

ਸਾਰੇ ਧਰਮ ਸੱਚੇ ਹਨ ਅਤੇ ਸਾਰੇ ਧਰਮ ਗ੍ਰੰਥ ਸੱਚੇ ਹਨ ਪਰ ਅਸੀਂ ਖ਼ੁਦ ਸੱਚੇ ਨਹੀਂ ਹਾਂ ਕਿਉਂਕਿ ਅਸੀਂ ਆਪਣੀ-ਆਪਣੀ ਸਚੱਾਈ ਦੇ ਪਿੱਛੇ ਲੱਗੇ ਹੋਏ ਹਾਂ।

❊ ❊ ❊

ਸੰਤ ਮਹਾਤਮਾ ਜੀਵ ਨੂੰ ਸੰਤ ਬਣਾਉਣ ਨਹੀਂ ਜੀਵਣ ਜੀਉਣ ਦਾ ਢੰਗ ਦੱਸਣ ਆਉਂਦੇ ਹਨ।

❊ ❊ ❊

ਇਨਸਾਨ ਨੂੰ ਆਪਣੀ ਤਸਵੀਰ ਅਤੇ ਤਕਦੀਰ ਬਦਲਣ ਲਈ ਤਦਬੀਰ (ਜੁਗਤੀ) ਦੀ ਲੋੜ ਹੁੰਦੀ ਹੈ।

❊ ❊ ❊

ਮੇਰਾ ਦਾਤਾ ਆਖਦਾ ਹੈ ਕਿ ਜਦੋਂ ਤੁਸੀਂ ਸਮੇਂ ਦੀ ਪਹਿਚਾਣ ਕਰਕੇ ਨੇਕ ਸ਼ਰਣ ਲੈ ਲਵੋਗੇ ਤਾਂ ਮੈਂ ਤੁਹਾਡੀ ਕਬਰਾਂ (ਆਖਰੀ ਵੇਲੇ) ਨੂੰ ਇਸ ਤਰ੍ਹਾਂ ਸੰਵਾਰ ਦੇਵਾਂਗਾ ਕਿ ਤੁਸੀ ਜੁਗਾਂ-ਜੁਗਾਤਰਾ ਤੱਕ ਚਮਕਦੇ ਰਹੋਗੇ।

❊ ❊ ❊

ਦਾਨਸ਼ਮੰਦ ਦਾ ਕੰਮ ਦੇਣਾ ਹੁੰਦਾ ਹੈ ਲੈਣਾ ਨਹੀਂ।

❊ ❊ ❊

ਪੂਰਣ ਪੁਰਖ ਸਭ ਨੂੰ ਬਰਾਬਰ ਪਿਆਰ ਵੰਡਦੇ ਹਨ ਪਰ ਪਿਆਰ ਕਿਸੇ ਕਿਸਮਤ ਵਾਲੇ ਨੂੰ ਹੀ ਕਰਦੇ ਹਨ।

❊ ❊ ❊

ਤੁਸੀਂ ਆਪਣੇ ਸੁਆਰਥਾਂ ਦੇ ਹਿਤ ਲਈ ਦੂਜਿਆਂ ਨੂੰ ਪਿਆਰ ਕਰਦੇ ਹੋ ਪਰ ਸੰਤ ਆਪਣੀ ਜ਼ਿੰਮੇਦਾਰੀ ਦੇ ਮੁਤਾਬਿਕ ਸਭ ਨੂੰ ਪਿਆਰ ਵੰਡਦੇ ਹਨ।

❊ ❊ ❊

ਤੁਸੀਂ ਇਨਸਾਨ ਦੀ ਬਾਹਰੀ ਇਹਤਰਾਮ (ਇੱਜ਼ਤ) ਕਰਨਾ ਜਾਣਦੇ ਹੋ ਪਰ ਅੰਦਰੂਨੀ ਸੱਜਦਾ ਨਹੀਂ।

❊ ❊ ❊

ਕਦੀ ਵੀ ਰੱਬ ਤੋਂ ਨਾ ਡਰੋ, ਡਰਨਾ ਹੈ ਤਾਂ ਆਪਣੇ ਮਾੜੇ ਕਰਮਾਂ, ਮਾੜੇ ਵਿਚਾਰਾਂ ਅਤੇ ਮਾੜੀ ਸੋਹਬਤ ਤੋਂ ਡਰੋ।

❊ ❊ ❊

ਤੁਸੀ ਪੂਜਾ-ਪਾਠ ਕਰਦੇ ਹੋ ਰੱਬ ਸਮੇਂ ਆਉਣ ਤੇ ਤੁਹਾਡਾ ਮਾਨ ਰੱਖਦਾ ਹੈ। ਤੁਸੀਂ ਕੰਮ ਕਰਦੇ ਹੋ ਰੱਬ ਕਿਰਪਾ ਕਰਦਾ ਹੈ। ਤੁਸੀ ਮਿਹਨਤ ਕਰਦੇ ਹੋ ਰੱਬਉਸਦਾ ਫਲ ਦੇ ਕੇ ਮਰਿਯਾਦਾ ਨਿਭਾਉਂਦਾ ਹੈ ਤੁਸੀ ਦਾਨ ਕਰਦੇ ਹੋ ਰੱਬ ਦਇਆ ਕਰਦਾ ਹੈ।

❊ ❊ ❊

ਸਚ ਦਾ ਸੰਬੰਧ (ਰਿਸ਼ਤਾ) ਆਤਮਾ ਦੇ ਨਾਲ ਹੈ ਅਕਲ ਨਾਲ ਨਹੀਂ।

❊ ❊ ❊

ਖ਼ੁਦਾ ਤੁਹਾਡਾ ਹਬੀਬ ਹੈ ਰਕੀਬ ਨਹੀਂ।

❊ ❊ ❊

ਸੰਤ ਰੱਬ ਦਾ ਘਰ ਲੁੱਟ ਕੇ ਤੁਹਾਡਾ ਘਰ ਭਰਦੇ ਹਨ, ਤੁਸੀਂ ਲੋਕਾਂ ਦੇ ਘਰ ਲੁੱਟਕੇ ਆਪਣਾ ਘਰ ਭਰਦੇ ਹੋ।

❊ ❊ ❊

ਧਰਮ ਤੁਹਾਡੀ ਖ਼ੁਸ਼ੀ ਅਤੇ ਇਮਾਨ ਹੈ ਤੁਹਾਡੇ ਆਪਸੀ ਝਗੜੇ ਜਾਂ ਫ਼ਾਸਲੇ ਨਹੀਂ।

❊ ❊ ❊

ਸੰਤ ਤੁਹਾਨੂੰ ਆਬਾਦ ਕਰਦੇ ਹਨ ਬਰਬਾਦ ਨਹੀਂ, ਬਰਬਾਦ ਤੁਸੀਂ ਆਪਣੇ ਮਾੜੇ ਵਿਚਾਰਾਂ ਅਤੇ ਰਾਹਾਂ ਕਰਕੇ ਹੁੰਦੇ ਹੋ।

❊ ❊ ❊

ਗੁਰੂ ਤੁਹਾਡਾ ਗੁਣ ਹੈ ਗੁਨਾਹ ਨਹੀਂ ਗੁਨਾਹ। ਤੁਸੀਂ ਆਪਣੀ ਬਾਹਰੀ ਇੱਛਾਵਾਂ ਅਤੇ ਪਾਸ਼ਵਿਕਤਾ ਰਾਹੀਂ ਕਰਦੇ ਹੋ।

❊ ❊ ❊

ਝੂਠ ਨਜ਼ਰ ਆਉਂਦਾ ਹੈ ਕਿਉਂਕਿ ਉਸ ਦੇ ਪਿੱਛੇ ਬਾਹਰੀ ਮਸ਼ਹੂਰੀ ਪਾਉਣ ਦੀ ਲਾਲਸਾ ਹੁੰਦੀ ਹੈ ਪਰ ਸੱਚ ਨਜ਼ਰ ਨਹੀਂ ਆਉਂਦਾ ਕਿਉਂਕਿ ਉਸੇ ਦੇ ਪਿੱਛੇ ਹਮੇਸ਼ਾਂ ਰੱਬੀ ਭੇਦ ਹੁੰਦਾ ਹੈ।

❊ ❊ ❊

ਜਿਨ੍ਹਾਂ ਸੇਵਕਾਂ ਦੇ ਹਿਰਦੇ ਤੋਂ ਆਪਣੇ ਗੁਰੂ ਦਾ ਡਰ ਖ਼ਤਮ ਹੋ ਜਾਂਦਾ ਹੈ ਉਹ ਇਕ ਤਰ੍ਹਾਂ ਆਪਣੇ ਆਪ ਨੂੰ ਮੌਤ ਦੇ ਵੱਲ ਲੈ ਜਾ ਰਹੇ ਹੁੰਦੇ ਹਨ।

❊ ❊ ❊

ਰੱਬ ਸੁਚੱਮਤਾ (ਆਤਮਿਕ ਅਤੇ ਸੰਸਾਰਿਕ) ਵਿਚ ਹੈ ਪਰ ਤੁਹਾਡੇ ਸੱਭ ਜੱਗੀ ਸੰਬੰਧ ਰੀਤੀ ਰਿਵਾਜਾਂ ਦੇ ਮੁਤਾਬਿਕ ਹਨ।

❊ ❊ ❊

ਰੱਬ ਤੁਹਾਡੇ ਅੰਦਰ ਵਸਦਾ ਹੈ ਪਰ ਰਹਿੰਦਾ ਨਹੀ। ਉਹ ਕੇਵਲ ਆਪਣੇ ਭਗਤਾਂ ਦੇ ਦਿਲਾਂ ਵਿਚ ਰਹਿੰਦਾ ਹੈ।

ਰੱਬੀ ਉਪਦੇਸ਼ ਅਤੇ ਰੱਬੀ ਬਾਣੀ ਇਨਸਾਨ ਦੇ ਨਿੱਜ ਜੀਵਨ ਨੂੰ ਪ੍ਰਕਾਸ਼ਵਾਨ ਬਣਾਉਂਦੀ ਹੈ ਨਾ ਕਿ ਈਸ਼ਵਰ ਨੂੰ।

***

ਸੰਤ ਮਹਾਂਪੁਰਸ਼ਾਂ ਦਾ ਗੁੱਸਾ ਵੀ ਦਿਆਲਤਾ ਦਾ ਇਕ ਐਸਾ ਅੰਗ ਹੈ ਜੋ ਜੀਵ ਨੂੰ ਭਵਜਲ ਪਾਰ ਲਗਾਉਣ ਦਾ ਸਿੱਧਾ ਰਸਤਾ ਹੈ ਪਰ ਤੁਹਾਡਾ ਗੁੱਸਾ ਤੁਹਾਨੂੰ ਨਾ ਤੇ ਪਾਰ ਲਗਾਉਂਦਾ ਹੈ ਅਤੇ ਨਾ ਹੀ ਸੰਵਾਰਦਾ ਹੈ ਬਲਕਿ ਇਹ ਆਪਣੇ ਆਪ ਨੂੰ ਬਰਬਾਦ ਕਰਨ ਦਾ ਸਭ ਤੋਂ ਮਾੜਾ ਰਸਤਾ ਹੈ।

***

ਜੋ ਆਦਮੀ ਕੋਈ ਕੰਮ ਕਰਨ ਤੋਂ ਪਹਿਲਾਂ ਆਪਣਾ ਵਿਵਹਾਰਕ ਰੂਪ ਨਹੀਂ ਵੇਖਦਾ ਉਹ ਜੀਵਨ ਵਿਚ ਕਦੇ ਸਫਲ ਨਹੀਂ ਹੋ ਸਕਦਾ।

***

ਮੇਰਾ ਦਾਤਾ ਆਖਦਾ ਹੈ ਕਿ 'ਜਦੋਂ ਤੁਸੀਂ ਮੇਰੇ ਸਾਹਮਣੇ ਆਪਣੇ ਗੁਨਾਹ ਖੋਲ੍ਹਕੇ ਰੱਖ ਦਵੋਗੇ ਤਾਂ ਮੈਂ ਤੁਹਾਡੀ ਜਨਮ-ਜਨਮ ਦੀ ਮੈਲ ਧੋ ਦੇਵਾਂਗਾ।

***

ਮੇਰਾ ਦਾਤਾ ਕਹਿੰਦਾ ਹੈ ਕਿ ਮੈਂ ਤੁਹਾਡੀ ਨੀਂਵ ਬਣਾਉਣਾ ਚਾਹੁੰਦਾ ਹਾਂ ਤੁਸੀਂ ਇਮਾਰਤ ਬਣ ਜਾਉ ਤੁਹਾਡੀ ਇਹ ਨੀਂਵ ਧਰਮ ਦੀ ਹੋਵੇਗੀ। ਤੁਸੀਂ ਮੇਰੇ ਫੁੱਲ, ਪੱਤੀਆਂ, ਟਾਹਣੀਆਂ ਬਣ ਜਾਉ। ਮੈਂ ਤੁਹਾਡਾ ਜੜ੍ਹਦਾਰ ਬੂਟਾ ਹਾਂ।

***

ਸੱਚਖੰਡ ਨਾਨਕ ਧਾਮ ਦੇ ਦਾਸੋ ਮੈਨੂੰ ਤਾਂ ਈਸ਼ਵਰ ਘਰ ਤੋਂ ਪ੍ਰਾਪਤ ਹੋਇਆ ਹੈ ਮੈਂ ਤੁਹਾਡੇ ਵਿਚ ਵੰਡਿਆ ਹੈ ਜੋ ਤੁਹਾਨੂੰ ਮਿਲਿਆ ਹੈ ਅੱਗੇ ਵੰਡਣ ਦੀ ਕੋਸ਼ਿਸ਼ ਕਰੋ।

***

ਅਸੀਂ ਜਿਸ ਨੂੰ ਆਪਣਾ ਬਣਾ ਲੈਂਦੇ ਹਾਂ ਉਸ ਨੂੰ ਛੱਡਦੇ ਨਹੀਂ ਪਰ। ਤੁਸੀਂ ਖੁਦ ਸਾਡੇ ਤੋਂ ਟੁੱਟ ਜਾਂਦੇ ਹੋ।

***

ਦਾਸ ਧਰਮ ਤੁਹਾਨੂੰ ਆਪਸ ਵਿਚ ਜੋੜਨ ਵਾਸਤੇ ਹੈ ਤੋੜਨ ਵਾਸਤੇ ਨਹੀਂ। ਅਗਰ ਕੋਈ ਵੀ ਰਾਜ, ਜਾਤੀ ਜਾਂ ਸ਼ੇਣੀ ਗ਼ਲਤ ਰ਼ਾਹ ਉੱਤੇ ਚੱਲੇਗੀ, ਤਾਂ ਦਾਸ ਧਰਮ ਉਸ ਨੂੰ ਰੋਕਣ ਲਈ ਕੁਰਬਾਨੀਆਂ ਦੇਣ ਲਈ ਹਮੇਸ਼ਾਂ ਤਿਆਰ ਰਹੇਗਾ।

❋ ❋ ❋

ਜੋ ਤੁਸੀਂ ਸਾਡੇ ਕੋਲ ਆਉਂਦੇ ਹੋ ਤਾਂ ਸਾਡੇ ਕੋਲੋਂ ਉਹ ਚੀਜ਼ ਲੈ ਜਾਉ ਜਿਸ ਤੋਂ ਤੁਹਾਨੂੰ ਬਾਰ-ਬਾਰ ਸਾਡੇ ਕੋਲ ਆਉਣ ਦੀ ਲੋੜ ਨਾ ਪਵੇ, ਬਲਕਿ ਅਸੀਂ ਖ਼ੁਦ ਤੁਹਾਡੇ ਕੋਲ ਬਾਰ-ਬਾਰ ਆਈਏ।

❋ ❋ ❋

ਤੁਸੀਂ ਲੋਕ ਚਾਬੀ ਵਾਲੇ ਖਿਡੌਣਿਆਂ ਵਾਂਗ ਹੋ ਜਦੋਂ ਤੁਹਾਡੇ ਵਿਚ ਕਿਸੇ ਮਜਹਬ ਜਾਂ ਕੌਮ ਦੀ ਚਾਬੀ ਭਰੀ ਜਾਂਦੀ ਹੈ ਤਾਂ ਤੁਸੀਂ ਵੀ ਉਸ ਖਿਡੌਣੇ ਵਾਂਗ ਉਛਲੱਣ ਲਗਦੇ ਹੋ।

❋ ❋ ❋

ਸੱਚੀ ਤੇ ਪਵਿੱਤਰ ਬੱਦੀ ਖ਼ੁਦ ਰੱਬ ਦੇ ਸੰਦੇਸ਼ ਸੁਣਕੇ ਅੱਗੇ ਦਿੰਦੀ ਹੈ।

❋ ❋ ❋

ਜਿੱਥੇ ਤੁਹਾਡਾ ਮਤਲਬ ਹੁੰਦਾ ਹੈ ਉੱਥੇ ਤੁਸੀਂ ਝੂਠ ਨੂੰ ਵੀ ਸੱਚ ਅਤੇ ਜਿੱਥੇ ਨਹੀਂ ਹੁੰਦਾ ਉੱਥੇ ਸੱਚ ਨੂੰ ਵੀ ਝੂਠ ਸਮਝ ਕੇ ਟਾਲਣ ਦੀ ਕੋਸ਼ਿਸ਼ ਕਰਦੇ ਹੋ।

❋ ❋ ❋

ਤੁਸੀਂ ਪੁੰਨ ਕਮਾਕੇ ਰੱਬ ਨੂੰ ਭੁੱਲ ਜਾਂਦੇ ਹੋ ਅਤੇ ਪਾਪ ਕਰਕੇ ਰੱਬ ਤੋਂ ਡਰਦੇ ਹੋ।

❋ ❋ ❋

ਪੂਰਨ ਮਹਾਂਪੁਰਸ਼ ਰੱਬੀ ਘਰ ਤੋਂ ਬਣੇ ਬਣਾਏ ਆਉਂਦੇ ਹਨ, ਧਰਤੀ ਉਤੇ ਆ ਕੇ ਨਹੀਂ ਬਣਦੇ।

❋ ❋ ❋

ਤੁਸੀਂ ਆਪਣੇ ਆਪ ਤੇ ਹੰਕਾਰ ਕਰਦੇ ਹੋ ਪਰ ਸੰਤ ਰੱਬ ਉੱਤੇ ਮਾਨ ਰੱਖਦੇ ਹਨ।

ਇਵੇਂ ਹੀ ਕਿਸੇ ਦੇ ਪਿੱਛੇ ਨਾ ਲਗੋ, ਜਦੋਂ ਤੁਹਾਡਾ ਮੰਨ ਮਨ ਜਾਵੇ ਤਾਂ ਹੀ ਕਿਸੇ ਦੇ ਪਿੱਛੇ ਲੱਗੋ।

✳ ✳ ✳

ਜੋ ਤੁਹਾਡਾ ਭਲਾ ਅਤੇ ਤੁਹਾਨੂੰ ਪਿਆਰ ਕਰਦਾ ਹੈ ਉਸ ਨੂੰ ਨਮਸਕਾਰ (ਸਪਤਾ) ਕਰਨਾ ਪਾਪ ਨਹੀਂ, ਅਹਮ ਦੇ ਅੱਗੇ ਝੁਕਣਾ ਪਾਪ ਹੈ।

✳ ✳ ✳

ਜਦੋਂ ਵੀ ਤੁਹਾਨੂੰ ਆਪਣੇ ਕੰਮਾਂ ਤੋਂ ਵਿਹਲ ਮਿਲੇ ਰੱਬ ਨੂੰ ਸੱਚੇ ਦਿੱਲ ਤੇ ਯਾਦ ਕਰੋ ਅਤੇ ਕਹੋ, ਹੇ ਦਾਤਾ, ਤੂੰ ਜਿਸ ਰੂਪ ਜਾਂ ਜਿਸ ਨਾਮ ਵਿਚ ਵੀ ਹੈ ਮੇਰਾ ਭਲਾ ਕਰ।

✳ ✳ ✳

ਰੱਬ ਤੁਹਾਡਾ ਸਵਾਲ ਹੈ ਜਵਾਬ ਨਹੀਂ।

✳ ✳ ✳

ਜਿਸ ਔਰਤ ਦੀ ਕੋਖ ਨੇ ਮੁਰਸ਼ਦ, ਮਹਿਰਮ, ਮੁਰੀਦ ਪੈਦਾ ਕੀਤੇ ਹਨ ਉਹ ਅਪਵਿੱਤਰ ਕਿਸ ਤਰ੍ਹਾਂ ਹੋ ਸਕਦੀ ਹੈ। ਜੋ ਲੋਕ ਔਰਤ ਨੂੰ ਅਪਵਿੱਤਰ ਸਮਝਦੇ ਹਨ ਉਹਨਾਂ ਦੇ ਕਰਮ ਅਪਵਿੱਤਰ ਹਨ।

✳ ✳ ✳

ਮੇਰਾ ਦਾਤਾ ਆਖਦਾ ਹੈ ਜੋ ਮੇਰੇ ਬੰਦਿਆਂ ਨਾਲ ਮਿੱਤਰਤਾ ਕਰੇਗਾ ਮੈ ਉਸ ਉੱਤੇ ਹਮੇਸ਼ਾਂ ਮਿਹਰਬਾਨ ਰਹਾਂਗਾ।

✳ ✳ ✳

ਆਪਣੀ ਜੀਭ ਤੋਂ ਕਿਸੇ ਨੂੰ ਬੁਰਾ ਭਲਾ ਮਤ ਆਖੋ ਅਤੇ ਨਾ ਸੁਣੋ ਅਤੇ ਹਮੇਸ਼ਾਂ ਮਿੱਠਾ ਬੋਲੋ! ਇਹ ਵੀ ਈਸ਼ਵਰ ਦੀ ਤਲਾਸ਼ ਹੈ।

✳ ✳ ✳

ਝੂਠ ਬੋਲ ਕੇ ਕਿਸੇ ਬੇਕਸੂਰ ਦਾ ਜੀਵਨ ਬਚਾਣਾ ਪੁੰਨ ਹੈ ਪਰ ਝੂਠ ਬੋਲਕੇ ਕਿਸੇ ਬੇਕਸੂਰ ਨੂੰ ਬਰਬਾਦ ਕਰਨਾ ਰੱਬ ਦੇ ਘਰ ਵਿਚ ਮਹਾਂ ਪਾਪ ਹੈ ਜਿਸ ਨੂੰ ਤੁਹਾਡੀ ਪੁਸ਼ਤਾਂ ਵੀ ਮਾਫ਼ ਨਹੀਂ ਕਰਵਾ ਸਕਦੀਆਂ ਭਾਵੇਂ ਜਿਨ੍ਹਾਂ ਵੀ ਪੂਜਾ-ਪਾਠ ਕਰੋ।

ਅਸੀਂ ਆਪਣੀਆਂ ਆਤਮਾਵਾਂ ਨੂੰ ਲੱਭਣ ਆਏ ਹਾਂ! ਉਹਨਾਂ ਨੂੰ ਆਪਣੇ ਨਾਮ ਦੇ ਨਾਲ ਜੋੜ ਕੇ ਹਮੇਸ਼ਾਂ ਲਈ ਅਮਰ ਕਰਕੇ ਅਤੇ ਬਾਕੀ ਲੋਕਾਂ ਨੂੰ ਈਸ਼ਵਰ ਦੇ ਘਰ ਦਾ ਰਸਤਾ ਵਿਖਾ ਕੇ ਚਲੇ ਜਾਵਾਂਗੇ।

✳ ✳ ✳

ਪਿਆਰ ਦੀਆਂ ਮੰਜ਼ਿਲਾਂ ਮੁਸ਼ਕਲ, ਰਾਹਾਂ ਲੰਮੀਆਂ ਅਤੇ ਦੁਖਦਾਇਕ ਹਨ ਅਤੇ ਉਮਰ ਦੀਆਂ ਘੜੀਆਂ ਘੱਟ ਹਨ।

✳ ✳ ✳

ਤੁਸੀਂ ਆਪ ਕਿਸੇ ਦਾ ਸਹਾਰਾ ਬਣੋ, ਆਪ ਸਹਾਰਾ ਨਾ ਲਭੋ। ਤੁਹਾਨੂੰ ਸਹਾਰਾ ਈਸ਼ਵਰ ਦੇਵੇਗਾ।

✳ ✳ ✳

ਤੁਸੀਂ ਈਸ਼ਵਰ ਨੂੰ ਅਤੇ ਉਸ ਦੇ ਦਿੱਤੇ ਹੋਏ ਕੰਮਾਂ ਨੂੰ ਭੁੱਲ! ਗਏ ਹੋ ਪਰ ਆਪਣੇ ਆਪ ਨੂੰ ਨਹੀਂ ਭੁੱਲੇ ਜਿਸ ਦਿਨ ਤੁਸੀਂ ਆਪਣੇ ਆਪ ਨੂੰ ਭੁੱਲ ਜਾਓਗੇ ਉਸ ਦਿਨ ਰੱਬ ਦੇ ਸਾਰੇ ਕੰਮ ਤੁਹਾਨੂੰ ਯਾਦ ਆ ਜਾਣਗੇ।

✳ ✳ ✳

ਰੱਬ ਤੁਹਾਡੇ ਪੂਜਾ-ਪਾਠ ਦੇ ਕਾਰਨ ਤੁਹਾਨੂੰ ਔਲਾਦ ਜਾਂ ਪੰਨ ਦੌਲਤ ਨਹੀਂ ਦਿੰਦਾ ਉਹ ਤਾਂ ਤੁਹਾਨੂੰ ਤੁਹਾਡੇ ਕਰਮਾਂ ਦੇ ਮੁਤਾਬਿਕ ਜਨਮ ਦੇ ਨਾਲ ਹੀ ਦੇ ਦਿੰਦਾ ਹੈ।

✳ ✳ ✳

ਸੁਨਹਿਰੀ ਮੌਕਾ ਰੱਬ ਹੀ ਦਿੰਦਾ ਹੈ ਪਰ ਤੁਹਾਨੂੰ ਪਹਿਚਾਣ ਹੋਣੀ ਚਾਹੀਦੀ ਹੈ।

✳ ✳ ✳

ਗੁਰਬਾਣੀ, ਕੁਰਾਨ- ਏ- ਇਲਮ, ਬਾਈਬਲ, ਗੀਤਾ, ਰਾਮਾਇਣ ਸਭ ਤੁਹਾਡੇ ਓਟ ਆਸਰੇ ਅਤੇ ਸਹਾਰੇ ਹਨ ਜਿਸ ਦਿਨ ਇਹਨਾਂ ਉੱਤੇ ਅਮਲ ਕਰਨਾ ਸ਼ੁਰੂ ਕਰ ਦੇਵੋਗੇ, ਉਸ ਦਿਨ ਸਿਰ ਹਥੇਲੀ ਤੇ ਰੱਖਣਾ ਪੈ ਜਾਵੇਗਾ। ਜੋ ਤੁਹਾਡੇ ਵਸ ਦੀ ਗੱਲ ਨਹੀਂ।

✳ ✳ ✳

ਜਿਸ ਨੇ ਇਹ ਸਰੀਰ ਬਣਾਇਆ ਹੈ ਉਹ ਕਰਤਾ ਹੈ ਜਿਸ ਨੇ ਗਿਰਾਇਆ ਹੈ ਉਹ ਤੁਸੀਂ ਹੋ।

❋ ❋ ❋

ਜੇਕਰ ਤੁਸੀਂ ਦਾਤੇ ਦੁਆਰਾ ਦਿੱਤਾ ਹੋਇਆ ਯਸ਼, ਮਾਨ ਨਹੀਂ ਸਾਂਭ ਸਕਦੇ ਤਾਂ ਉਸ ਦੀ ਦਿੱਤੀ ਹੋਈ ਮਾਇਆ ਵੀ ਨਹੀਂ ਸੰਭਾਲ ਸਕੋਗੇ ਜੇਕਰ ਮਿਲ ਵੀ ਗਈ ਤਾਂ ਐਬਾਂ ਵਿਚ ਫਸ ਜਾਵੋਗੇ।

❋ ❋ ❋

ਪੂਰਨ ਸੰਤ ਤੁਹਾਡੇ ਤੋਂ ਆਪਣੀ ਪੂਜਾ ਕਰਵਾਉਣ ਨਹੀਂ ਆਉਂਦੇ ਬਲਕਿ ਉਹ ਤਾਂ ਤੁਹਾਨੂੰ ਪੂਜਾ ਦਾ ਹੱਕ ਦਿਲਵਾਣ ਆਉਂਦੇ ਹਨ।

❋ ❋ ❋

ਨਾ ਭਗਤੀ ਕਰੋ, ਨਾ ਪੂਜਾ-ਪਾਠ ਅਤੇ ਨਾ ਹੀ ਦਾਨ ਕਰੋ! ਜੇਕਰ ਕੁਝ ਕਰਨਾ ਹੀ ਹੈ ਤਾਂ ਆਪਣੇ ਨੇਕ ਕਰਮਾਂ ਰਾਹੀਂ ਨੇਕ ਬਣ ਜਾਉ, ਉਹ ਕਬੂਲ ਕਰ ਲਵੇਗਾ।

❋ ❋ ❋

ਜੇਕਰ ਤੁਸੀਂ ਨਾਨਕ ਧਾਮ ਵਿਚ ਆਉਣਾ ਚਾਹੁੰਦੇ ਹੋ ਤਾਂ ਆਪਣਾ ਆਤਮਿਕ ਦੀਵਾ ਜਗਾਉਣ ਵਾਸਤੇ ਆਉ ਜ਼ਿਸ ਤੋਂ ਤੁਸੀਂ ਖੁਦ ਪ੍ਰਕਾਸ਼ਮਾਨ ਹੋ ਕੇ ਦੂਜਿਆਂ ਨੂੰ ਰੋਸ਼ਨੀ ਦੇ ਸਕੋ।

❋ ❋ ❋

ਰੱਬ ਦੁਨੀਆਂ ਉੱਤੇ ਆਪਣਾ ਕਾਨੂੰਨ ਨਹੀਂ ਚਲਾਉਂਦਾ ਉਹ ਕੇਵਲ ਤੁਹਾਨੂੰ ਤੁਹਾਡੇ ਹੱਕ ਦਿੰਦਾ ਹੈ। ਜੇਕਰ ਤੁਸੀਂ ਉਸ ਨੂੰ ਇਸਤੇਮਾਲ ਨਹੀਂ ਕਰਦੇ ਤਾਂ ਇਹ ਤੁਹਾਡੀ ਨਾ ਸਮਝੀ ਹੈ ਉਸ ਦਾ ਕਸੂਰ ਨਹੀਂ।

❋ ❋ ❋

ਖੁੱਦ ਕਮਾਉ ਅਤੇ ਜੱਗ ਵਿਚ ਵੰਡੋ ਇਹ ਰਾਹ ਮਾਨਵਤਾ ਦੀ ਹੈ, ਖੁਦ ਖਾਉ ਅਤੇ ਬਚੇਆ ਹੋਇਆ ਦੂਜਿਆਂ ਵਿਚ ਵੰਡੋ ਇਹ ਰਾਹ ਸ਼ੈਤਾਨ ਦੀ ਹੈ।

❋ ❋ ❋

ਸਾਰੇ ਬਾਹਰੀ ਪਾਖੰਡ ਛੱਡਕੇ ਇਕ ਪਾਖੰਡ ਅਪਣਾਉ ਉਹ ਹੈ ਰੱਬ ਦਾ ਸੱਚਾ ਨਾਮ ਜਾਂ ਰੱਬ ਦੀ ਸੱਚੀ ਯਾਦ।

****

ਰੱਬ ਕੋਈ ਜਾਤੀ ਨਹੀਂ, ਜਾਤੀ ਕੋਈ ਰੱਬ ਨਹੀਂ।

****

ਸੱਚ ਦਾ ਕੋਈ ਸਵਾਲ ਨਹੀਂ, ਝੂਠ ਦਾ ਕੋਈ ਜਵਾਬ ਨਹੀਂ।

****

ਮੇਰਾ ਦਾਤਾ ਆਖਦਾ ਹੈ ਕਿ ਤੁਸੀਂ ਆਪਣੀਆਂ ਮਾੜੀਆਂ ਰਾਹਾਂ ਨੂੰ ਛੱਡ ਦੇਵੋ ਨਹੀਂ ਤੇ ਬੁੱਝ ਜਾਉਗੇ! ਜੇਕਰ ਤੁਸੀਂ ਦੀਵੇ ਹੋ ਤਾਂ ਮੈਂ ਤੁਹਾਡਾ ਦਾਤਾ ਹਾਂ! ਮੈਨੂੰ ਯਾਦ ਰੱਖੋਗੇ ਤਾਂ ਦੀਵੇ ਵਾਂਗ ਜਗਦੇ ਰਹੋਗੇ ਅਤੇ ਉਹ ਪ੍ਰਕਾਸ਼ ਦੁਨੀਆਂ ਵਾਸਤੇ ਹੋਵੇਗਾ। ਤੁਹਾਨੂੰ ਪ੍ਰਕਾਸ਼ ਮੈਂ ਦੇਵਾਂਗਾ।

****

ਔਲਾਦ ਅੱਲਾ ਦੇ ਹਵਾਲੇ ਰਹੇ ਤਾਂ ਔਲਾਦ ਹੈ ਨਹੀਂ ਤਾਂ ਫ਼ਸਾਦ ਹੈ।

****

ਮੇਰਾ ਦਾਤਾ ਕਹਿੰਦਾ ਹੈ, ਮੈਂ ਤੁਹਾਡੇ ਤੋਂ ਆਪਣੀ ਇੱਜ਼ਤ, ਮਾਣ, ਪੂਜਾ-ਪਾਠ, ਪੈਸਾ ਜਾਂ ਨਾਮ ਦੀ ਭਗਤੀ ਨਹੀਂ ਚਾਹੁੰਦਾ ਮੈਂ ਕੇਵਲ ਸੱਚਾ ਪਿਆਰ ਚਾਹੁੰਦਾ ਹਾਂ ਜੋ ਕਿ ਮੇਰੀ ਵਫਾਦਾਰੀ ਦਾ ਹੋਵੇ।

****

ਮੇਰਾ ਦਾਤਾ ਆਖਦਾ ਹੈ ਤੁਹਾਡੇ ਮੇਰੇ ਉਤੇ ਬੜੇ ਅਧਿਕਾਰ ਹਨ ਪਰ ਮੇਰਾ ਤੁਹਾਡੇ ਤੇ ਕੇਵਲ ਇਕ ਅਧਿਕਾਰ ਹੈ ਉਹ ਹੈ ਮੇਰੀ ਸੱਚੀ ਯਾਦ, ਭਗਤੀ ਅੰਤੇ ਪਿਆਰ ਭਰੀ ਪੂਜਾ ਦਾ।

****

ਮੇਰਾ ਦਾਤਾ ਆਖਦਾ ਹੈ ਕਿ ਤੁਹਾਡਾ ਮੇਰਾ ਕੋਈ ਰਿਸ਼ਤਾ ਨਹੀਂ ਪਰ ਮੈਂ ਜ਼ਰੂਰ ਉਸ ਰਿਸ਼ਤੇ ਨੂੰ ਮੰਨ ਲਵਾਂਗਾ ਜੋ ਤੁਸੀਂ ਚਾਹੋਗੇ ਪਰ ਉਸ ਵਿਚ ਤੁਹਾਨੂੰ ਤਿਆਗ ਕਰਨਾ ਪਵੇਗਾ।

ਝੂਠੀ ਪ੍ਰੀਤ ਵਿਚ ਚੰਦ ਘੜੀ ਦਾ ਸੁਖ ਅਤੇ ਚੰਦ ਘੜੀ ਦੇ ਨਜ਼ਾਰੇ ਹਨ। ਪਰ ਸੱਚੀ ਪ੍ਰੀਤ ਵਿਚ ਦੁੱਖ ਅਤੇ ਮੁਸੀਬਤਾਂ ਹਨ! ਪਰ ਸੱਚੀ ਪ੍ਰੀਤ ਇਹਨਾਂ ਸਭ ਨਾਲ ਸੰਬੰਧ ਰੱਖਦੇ ਹੋਇਆ ਵੀ ਅਜਰ ਅਮਰ ਹੈ ਜੋ ਮਰਨ ਤੋਂ ਬਾਦ ਵੀ ਪੂਜਾ ਦੇ ਕਾਬਲ ਹੈ।

❊ ❊ ❊

ਰੱਬ ਦੀ ਸ਼ਰਨ ਇਹਨ. ਪੱਵਿਤਰ ਹੈ ਕਿ ਜੇਕਰ ਤੁਸੀਂ ਇਸ ਨੂੰ ਇਕ ਵਾਰ ਵੀ ਛੂਹ ਲਵੋ ਤਾਂ ਤੁਸੀਂ ਵੀ ਪਵਿੱਤਰ ਹੋ ਜਾਵੋਗੇ।

❊ ❊ ❊

ਮੇਰਾ ਦਾਤਾ ਆਖਦਾ ਹੈ ਮਾੜੀਆਂ ਰਾਹਾਂ ਤੇ ਚੱਲਣ ਵਾਲੇ ਮੇਰੇ ਤੋਂ ਦੂਰ ਹੋ ਸਕਦੇ ਹਨ, ਪਰ ਮੇਰੀ ਨਜ਼ਰ ਤੋਂ ਨਹੀਂ।

❊ ❊ ❊

ਮੇਰਾ ਰੱਬ ਆਖਦਾ ਹੈ ਕਿ ਮੈਨੂੰ ਭੁਲਾਕੇ ਤੁਸੀ ਕਿੱਤੇ ਵੀ ਨਹੀਂ ਵੱਸ ਸਕਦੇ। ਜੇਕਰ ਮੈਨੂੰ ਯਾਦ ਰੱਖੋਗੇ ਤਾਂ ਹਰ ਪਾਸੇ ਤੁਹਾਡਾ ਵਸੇਰਾ ਹੋਵੇਗਾ।

❊ ❊ ❊

ਜਿਹਨੇ ਤੁਹਾਨੂੰ ਆਪਣੇ ਸੁਖ ਪਿਆਰੇ ਨੇ ਉਹਨੇ ਹੀ ਰੱਬ ਨੂੰ ਆਪਣੇ ਭਗਤ।

❊ ❊ ❊

ਮੇਰਾ ਦਾਤਾ ਆਖਦਾ ਹੈ ਕਿ ਹੇ ਜੀਵ! ਜਦੋਂ ਤੁਹਾਡਾ ਦੁਨੀਆਂ ਤੋਂ ਜੀ ਭਰ ਜਾਵੇ ਗਾ ਅਤੇ ਸਰੀਰਕ ਰੂਪ ਵਿਚ ਥੱਕ ਜਾਉਗੇ ਤਾਂ ਮੈਂ ਤੁਹਾਨੂੰ ਆਪਣੀ ਬਾਹਾਂ ਦਾ ਸਹਾਰਾ ਦੇਵਾਂਗਾ।

❊ ❊ ❊

ਮੇਰਾ ਦਾਤਾ ਦੀਦ ਦਾ ਮਾਲਕ ਹੈ ਦੁਸ਼ਮਣੀ ਦਾ ਨਹੀਂ। ਉਹ ਦਇਆਵਾਨ ਅਤੇ ਦਇਆਲੂ ਹੈ ਦੁਸ਼ਟ ਜਾਂ ਦਾਨਵ ਨਹੀਂ।

❊ ❊ ❊

ਮੇਰਾ ਦਾਤਾ ਆਖਦਾ ਹੈ, ਹੇ ਬੰਦੇ ਮੈਂ ਤੈਨੂੰ ਪੰਜ ਤੱਤ (ਹਵਾ, ਅੱਗ, ਪਾਣੀ, ਆਕਾਸ਼ ਅਤੇ ਮਿੱਟੀ) ਦਿੱਤੇ ਹਨ, ਜੋ ਕਿ ਮੇਰੇ ਮੌਲਿਕ ਅਧਿਕਾਰ ਹਨ। ਜੇਕਰ

ਇਹਨਾਂ ਵਿੱਚੋਂ ਮੈਂ ਇਕ ਵੀ ਤੁਹਾਡੇ ਕੋਲੋਂ ਲੈ ਲਵਾਂ ਤਾਂ ਤੁਹਾਡਾ ਮੁੱਲ ਖ਼ਤਮ ਹੋ ਜਾਵੇਗ ਇਸ ਨੂੰ ਸਮਝੋ।

✳ ✳ ✳

ਜੇਕਰ ਤੁਸੀਂ ਸੱਚ ਬੋਲਣਾ ਨਹੀਂ ਚਾਹੁੰਦੇ ਜਾਂ ਬੋਲ ਨਹੀਂ ਸਕਦੇ ਤਾਂ ਸੱਚ ਸੁਣਨ ਦੀ ਤਾਕਤ ਹੀ ਆਪਣੇ ਅੰਦਰ ਲੈ ਆਉ! ਰੱਬ ਤਾਂ ਵੀ ਤੁਹਾਡਾ ਸਹਾਇਕ ਹੋਵੇਗਾ।

✳ ✳ ✳

ਜੋ ਦੁੱਖ ਰੱਬ ਆਪ ਦਿੰਦਾ ਹੈ ਉਸ ਨੂੰ ਕੱਟਦਾ ਵੀ ਆਪ ਹੈ। ਪਰ ਜੋ ਦੁੱਖ ਜੀਵ ਆਪਣੀ ਬਾਹਰੀ ਰਾਹਾਂ ਅਤੇ ਸੁਆਰਥਾਂ ਕਰਕੇ ਪਾਉਂਦਾ ਹੈ ਉਹ ਉਸ ਨੂੰ ਆਪ ਭੋਗਣੇ ਪੈਂਦੇ ਹਨ।

✳ ✳ ✳

ਇਸ ਸਰੀਰ ਨੂੰ ਸੰਵਾਰਣ ਵਾਸਤੇ ਭਗਤੀ ਦੀ ਨਹੀਂ ਬਲਕਿ ਨੇਕ ਸਾਥੀ ਦੀ ਲੋੜ ਹੈ।

✳ ✳ ✳

ਸੰਸਾਰ ਵਿਚ ਰਹਿੰਦੇ ਹੋਇਆ ਸੰਸਾਰਿਕ ਜ਼ਿੰਮੇਦਾਰੀਆਂ ਨੂੰ ਨਿਭਾਉਣਾ ਸਾਡਾ ਫਰਜ ਹੈ ਧਰਮ ਨਹੀਂ। ਸਾਡਾ ਧਰਮ ਹੈ ਕਿਸੇ ਗਰੀਬ ਦੀ ਮਦੱਦ ਕਰਨਾ ਅਤੇ ਦੂਜਿਆਂ ਵਾਸਤੇ ਜੀਣਾ।

✳ ✳ ✳

ਜਿਸ ਜੀਵ ਦੇ ਦਿ੍ਲ ਵਿਚ ਨਾਮ ਚਲਦਾ ਹੈ ਉਸ ਵਿਚੋਂ ਗੁੱਸਾ, ਨਿੰਦੀਆਂ ਚੁਗਲੀ ਖ਼ਤਮ ਹੋ ਜਾਂਦੀ ਹੈ।

✳ ✳ ✳

ਜੇਕਰ ਕਿਸੇ ਦੇ ਵਲ ਇਕ ਉਂਗਲੀ ਚੁੱਕਕੇ ਤੁਸੀ ਉਸ ਨੂੰ ਬੁਰਾ ਆਖਦੇ ਹੋ ਤਾਂ ਤਿੰਨ ਉਂਗਲੀਆਂ ਤੁਹਾਡੇ ਵਲ ਹੁੰਦੀਆਂ ਹਨ ਭਾਵ ਤੁਸੀਂ ਉਸ ਤੋਂ ਤਿੰਨ ਗੁਣਾ ਬੁਰੇ ਹੋ।

✳ ✳ ✳

ਸੱਚਖੰਡ ਨਾਨਕ ਧਾਮ ਵਿਚ ਆਣ ਵਾਲੇ ਦਾਸੋ ਆਪਣੇ ਉੱਤੇ ਭਰੋਸਾ ਅਤੇ ਯਕੀਨ ਲੈ ਆਉ, ਜੀਵਨ ਵਿਚ ਸਫਲ ਹੋ ਜਾਉਗੇ। ਆਤਮ ਵਿਸ਼ਵਾਸ ਹੀ ਤਰੱਕੀ ਦਾ ਜ਼ਰੀਆ ਹੈ।

❋ ❋ ❋

ਰੱਬ ਨੇ ਇਨਸਾਨ ਅਤੇ ਆਪਣੇ ਵਿਚ ਇਕ ਪਰਦਾ ਰਖਿਆ ਹੈ ਜਿਸ ਨੂੰ ਲੇਖਾ ਆਖਦੇ ਹਨ! ਨਹੀਂ ਤਾਂ ਜੇਕਰ ਬਚਪਨ ਵਿਚ ਹੀ ਮਾਂ ਨੂੰ ਪੱਤਾ ਚਲ ਜਾਵੇ ਕਿ ਉਸ ਦਾ ਪੁੱਤਰ ਵੱਡਾ ਹੋ ਕੇ ਨਾਲਾਇਕ ਨਿੱਕਲੇਗਾ ਤਾਂ ਉਹ ਉਸ ਨੂੰ ਕਦੇ ਵੀ ਨਾ ਪਾਲੇ।

❋ ❋ ❋

ਤੁਸੀਂ ਹਰ ਚੀਜ਼ ਸਮੇਂ ਤੋਂ ਪਹਿਲਾਂ ਚਾਹੁੰਦੇ ਹੋ ਪਰ ਜਦੋਂ ਤੁਹਾਨੂੰ ਉਹ ਮਿਲ ਜਾਂਦੀ ਹੈ ਤਾਂ ਉਹ ਤੁਹਾਡੇ ਤੋਂ ਸੰਭਾਲੀ ਨਹੀਂ ਜਾਂਦੀ, ਫਿਰ ਸੰਭਾਲਣ ਵਾਸਤੇ ਭੱਜਦੇ ਫਿਰਦੇ ਹੋ।

❋ ❋ ❋

ਰੱਬ ਦੇ ਵੱਲ ਲੱਗ ਜਾਣ ਤੇ ਜੀਵਨ ਬਰਬਾਦ ਨਹੀਂ ਹੁੰਦਾ! ਬਰਬਾਦ ਕਰਨ ਦੇ ਟਕਾਣੇ ਹੋਰ ਬੜੇ ਹਨ! ਇਹਨਾਂ ਰਾਹਾਂ ਉੱਤੇ ਤਾਂ ਜੀਵਨ ਮਹਾਨ ਬਣਦਾ ਹੈ।

❋ ❋ ❋

ਜੇਕਰ ਤੁਸੀਂ ਸੋਚਦੇ ਹੋ ਕਿ ਨਾਮ ਲੈਣ ਤੋਂ ਬਾਅਦ ਬੁਰੇ ਕਰਮ ਕਰਦੇ ਜਾਈਏ ਤਾਂ ਗੁਰੂ ਨੂੰ ਧੱਕਾ ਲੱਗੇਗਾ ਤਾਂ ਇਹ ਤੁਹਾਡੀ ਭੁੱਲ ਹੈ ਜੇਕਰ ਰੱਬ ਦਾ ਦਿੱਤਾ ਹੋਇਆ ਯਸ਼ ਤੁਹਾਡੇ ਤੋਂ ਨਹੀਂ ਸੰਭਲਿਆਂ ਤਾਂ ਹੋਰ ਕੀ ਸੰਭਲੇਗਾ।

❋ ❋ ❋

ਲਹੂ ਦੇ ਰਿਸ਼ਤੇ ਸਭ ਦਿਖਾਵੇ ਹਨ ਪਰ ਪ੍ਰੇਮ ਦੇ ਰਿਸ਼ਤੇ ਤੁਹਾਡੀ ਪਰਛਾਈ ਹੈ ਉਸ ਦੀ ਕੋਈ ਕੀਮਤ ਨਹੀਂ। ਤੁਹਾਨੂੰ ਆਪਣੇ ਉੱਤੇ ਭਰੋਸਾ ਹੋਣਾ ਚਾਹੀਦਾ ਹੈ।

❋ ❋ ❋

ਜੋ ਤੁਸੀਂ ਦੁਨਿਆਵੀ ਤਲਾਸ਼ ਕਰਦੇ ਹੋ, ਉਹ ਤੁਹਾਡੀ ਤਲਾਸ਼ ਨਹੀਂ ਬਲਕਿ ਤੁਹਾਡੇ ਦੁਸ਼ਟ ਵਿਕਾਰਾਂ ਦੀ ਹੈ।

❋ ❋ ❋

ਰੱਬ ਜਾਂ ਉਸ ਦੇ ਭੇਜੇ ਹੋਏ ਰਹਬੱਰਾਂ ਦੇ ਅੱਗੇ ਤੁਹਾਡੀ ਅਕੱੜ ਜਾਂ ਜਿੱਦ ਨਹੀਂ ਚਲਦੀ। ਉਹਨਾਂ ਕੋਲੋਂ ਕੁਝ ਲੈਣ ਵਾਸਤੇ ਉਹਨਾਂ ਨੂੰ ਬੱਚਿਆਂ ਵਾਂਗ ਮਨਾ ਲਵੋ, ਬਰਾਬਰੀ ਨਾ ਕਰੋ। ਰਾਵਨ ਅਤੇ ਕੰਸ ਵਰਗੇ ਨਹੀਂ ਕਰ ਸਕੇ ਤੁਸੀਂ ਕੀ ਕਰਨੀ ਹੈ।

****

ਜਿੱਥੇ ਤੁਹਾਡੀ ਮੁਰਾਦ ਪੂਰੀ ਹੁੰਦੀ ਹੈ ਉੱਥੇ ਤੁਹਾਡੇ ਵਾਸਤੇ ਹਮੇਸ਼ਾਂ ਤਿਉਹਾਰ ਹੈ, ਜਿੱਥੇ ਨਹੀਂ ਹੁੰਦੀ ਉੱਥੇ ਕੁਝ ਵੀ ਨਹੀਂ।

****

ਜੇਕਰ ਰੱਬ ਨੇ ਤੁਹਾਡੇ ਪਾਪਾਂ ਤੇ ਪਰਦਾ ਪਾਇਆ ਹੈ ਤਾਂ ਇਹ ਨਾ ਸਮਝੋ ਕਿ ਉਹ ਤੁਹਾਡੇ ਬੁਰੇ ਕਰਮਾਂ ਤੋਂ ਬੇ-ਖ਼ਬਰ ਹੈ ਜਾਂ ਭੁਲ ਗਿਆ ਹੈ।

****

ਵੱਡੇ ਵੱਡੇ ਗੁਨਾਹ ਮਾਫ਼ ਹੋ ਜਾਂਦੇ ਹਨ ਪਰ ਗੁਰੂ ਦੇ ਨਾਮ ਤੇ ਜਾਂ ਆਪਣੀ ਆਤਮਾ ਨਾਲ ਕੀਤਾ ਗਿਆ ਵਿਸ਼ਵਾਸਘਾਤ (ਧੋਖਾ) ਮਾਫ਼ ਕਰਨ ਦੇ ਕਾਬਲ ਨਹੀਂ।

****

ਮਦੱਦ ਉਸ ਦੀ ਕਰੋ ਜਿਸਨੂੰ ਤੁਸੀਂ ਨਹੀਂ ਜਾਣਦੇ। ਕਿਸੇ ਜਾਣਕਾਰ ਦੀ ਮੱਦਦ ਮੱਦਦ ਨਹੀ ਅਹਿਸਾਨ ਹੈ।

****

ਉਹ ਗੁਰੂ ਗੁਰੂ ਨਹੀਂ ਜਿਸ ਦੇ ਨਾਲ ਲੱਗ ਕੇ ਸੇਵਕ ਕੰਚਨ ਨਾ ਬਣੇ ਅਤੇ ਉਹ ਸੇਵਕ-ਸੇਵਕ ਨਹੀਂ ਜੋ ਗੁਰੂ ਨਾਲ ਲੱਗ ਕੇ ਬੁਰੇ ਕਰਮਾਂ ਨੂੰ ਨਾ ਛੱਡੇ ਅਤੇ ਸੋਨਾ ਨਾ ਬਣੇ।

****

ਸੱਚੀ ਸੁਹਬਤ ਦਾ ਨਿਖਾਰ ਕੰਡਿਆਂ ਦੀ ਸੇਜ ਉੱਤੇ ਆਉਂਦਾ ਹੈ ਫੁੱਲਾਂ ਦੀ ਸੇਜ ਉੱਤੇ ਨਹੀਂ, ਇਹ ਜਾਂ ਤਾਂ ਰੱਬ ਦੀ ਸੋਭਾ ਹੈ ਜਾਂ ਬਾਦਸ਼ਾਹਾਂ ਦੇ ਸਿਰ ਦਾ ਤਾਜ।

****

ਜਿਸ ਇਨਸਾਨ ਉੱਤੇ ਕਿਸੇ ਪੂਰਨ ਪੁਰਖ ਦਾ ਹੱਥ ਆ ਜਾਵੇ ਉਸ ਦੇ ਰਾਹਾਂ ਦੇ ਕੰਡੇ ਵੀ ਫੁੱਲ ਬਣ ਜਾਂਦੇ ਹਨ।

❋ ❋ ❋

ਸਾਰੇ ਰੋਗਾਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੋਂ ਵੀ ਉੱਤੇ ਇਕ ਰੋਗ ਹੈ ਅਤੇ ਉਹ ਵੈਰਾਗ ਹੈ। ਇਹ ਰੋਗ ਰੱਬ ਦਾ ਹੈ ਅਤੇ ਉਸ ਦੇ ਘਰ ਵਿਚ ਕਬੂਲ ਹੈ, ਪਰ ਉਸ ਵੇਲੇ, ਜਦੋਂ ਇਹ ਜਾਗ ਜਾਵੇ।

❋ ❋ ❋

ਰੱਬ ਦੇ ਘਰ ਵਿਚ ਤੁਹਾਡੀ ਚਲਾਕੀ ਨਹੀਂ ਬਲਕਿ ਨੇਕ ਕਰਮ ਅਤੇ ਸੱਚਾਈ ਚਲਦੀ ਹੈ।

❋ ❋ ❋

ਰੱਬ ਦੀ ਸੱਚੀ ਯਾਦ ਹੀ ਉਸਦੀ ਹੈ ਅਤੇ ਉਸ ਅੱਗੇ ਕੀਤੀ ਗਈ ਅਰਦਾਸ ਉਸ ਦੀ ਤਾਕਤ ਹੈ।

❋ ❋ ❋

ਸੱਚ ਦੀ ਮੌਤ ਮਰਨਾ ਦੁਨੀਆਂ ਵਿਚ ਇਕ ਸ਼ੋਭਾ ਹੈ ਪਰ ਝੂਠ ਦੀ ਮੌਤ ਇਕ ਕੌੜ ਹੈ ਜੋ ਜੀਵ ਆਪਣੇ ਆਪ ਆਪਣੀ ਔਲਾਦ ਅਤੇ ਆਪਣੇ ਪਰਿਵਾਰ (ਟੱਬਰ) ਉੱਤੇ ਪਾ ਦਿੰਦਾ ਹੈ।

❋ ❋ ❋

ਸਚਖੰਡ ਨਾਨਕ ਧਾਮ ਸਾਡੀ ਰਿਆਸਤ ਹੈ ਅਤੇ ਆਤਮਾ ਅਤੇ ਪਰਮਾਤਮਾ ਸਾਡੀ ਸਿਆਸਤ ਹੈ।

❋ ❋ ❋

ਅਸੀਂ ਤੁਹਾਡੇ ਕੋਲੋਂ ਸਾਥ ਨਹੀਂ ਮੰਗਦੇ ਬਲਕਿ ਤੁਹਾਡਾ ਸਾਥ ਦੇਣਾ ਚਾਹੁੰਦੇ ਹਾਂ। ਜਦੋਂ ਤੁਹਾਡਾ ਕੋਈ ਨਹੀਂ ਹੋਵੇਗਾ, ਉਦੋਂ ਵੀ ਅਸੀਂ ਤੁਹਾਡਾ ਸਾਥ ਦੇਵਾਂਗੇ।

❋ ❋ ❋

ਪ੍ਰੀਤਮ ਤੋਂ ਵਿਛੱੜਣ ਦਾ ਦੁੱਖ ਕਿਸੇ ਵੀ ਦੁਨਿਆਵੀ ਚੀਜ਼ਾਂ ਨੂੰ ਛੱਡਣ ਦੇ ਦੁੱਖ ਤੋਂ ਵੱਧ ਹੁੰਦਾ ਹੈ।

ਜੇਕਰ ਤੁਸੀਂ ਆਪਣੇ ਆਪ ਨੂੰ ਸਿੱਦਕ, ਸੰਤੋਖ, ਰੱਬ ਦੀ ਰਜ਼ਾ ਅਤੇ ਮਰਜ਼ੀ ਦੇ ਨਾਲ ਜੋੜ ਲਵੋਗੇ ਤਾਂ ਚੰਗੇ-ਮਾੜੇ ਕਰਮਾਂ ਦੀ ਖੋਜ ਖ਼ਤਮ ਹੋ ਜਾਵੇਗੀ।

❊ ❊ ❊

ਮੇਰਾ ਦਾਤਾ ਕਹਿੰਦਾ ਹੈ 'ਜੇਕਰ ਤੁਸੀਂ ਆਪਦਾ ਜਨਮ ਸਵਾਰ ਲਵੋਗੇ ਤਾਂ ਉਹ ਜੱਗ ਹੈ ਜੇਕਰ ਮਰਨ ਸਵਾਰ ਲਵੋਗੇ ਤਾਂ ਉਹ ਰੱਬ ਹੈ।'

❊ ❊ ❊

ਜਿਵੇਂ ਜੇਲ੍ਹ ਵਿਚ ਬੈਠਿਆ ਹੋਇਆ ਮੁਜਰਿਮ ਅਤੇ ਹਸਪਤਾਲ ਵਿਚ ਪਿਆ ਹੋਇਆ ਮਰੀਜ਼ ਇਹ ਵੇਖਦਾ ਰਹਿੰਦਾ ਹੈ ਕਿ ਉਹ ਕੱਦੋਂ ਬਾਹਰ ਜਾਵੇ। ਉਸੇ ਤਰ੍ਹਾਂ ਸਾਡੀ ਆਤਮਾ ਵੀ ਆਪਣੇ ਅਸਲੀ ਘਰ 'ਸਚਖੰਡ' ਜਾਣ ਨੂੰ ਬੇਤਾਬ ਹੈ।

❊ ❊ ❊

ਜਿਵੇਂ ਡਾਕਟਰੀ ਕਿਤਾਬਾਂ ਵਿਚ ਦਵਾਈ ਦਾ ਨਾਮ ਲਿਖਿਆ ਹੁੰਦਾ ਹੈ ਦਵਾਈ ਨਹੀਂ। ਉਸੇ ਤਰ੍ਹਾਂ ਸਾਰੇ ਧਾਰਮਿਕ ਗ੍ਰੰਥਾਂ ਵਿਚ ਰੱਬ ਨਹੀਂ ਕੇਵਲ ਰੱਬ ਦੀ ਉਸਤਤ ਅਤੇ ਉਸ ਨੂੰ ਮਿਲਣ ਦਾ ਰਸਤਾ ਹੈ।

❊ ❊ ❊

ਕਈ ਅਮੀਰ ਲੋਕ ਜਾਂ ਜ਼ਿਆਦਾ ਪੜ੍ਹੇ ਲਿੱਖੇ ਘਮੰਡੀ ਲੋਕ ਇਹ ਕਹਿੰਦੇ ਹਨ ਕਿ ਰੱਬ ਹੈ ਹੀ ਨਹੀਂ। ਅਸੀਂ ਕਹਿੰਦੇ ਹਾਂ ਕਿ ਰੱਬ ਤਾਂ ਹੈ ਪਰ ਉਹ ਅਜੇ ਰੱਬ ਦੇ ਕਾਬਲ ਨਹੀਂ ਹੋਏ। ਅਸਲ ਵਿਚ ਰੱਬ ਤਾਂ ਇੱਕ ਪਾਸੇ ਅਜੇ ਤਾਂ ਉਹਨਾਂ ਨੂੰ ਆਪਣੀ ਜ਼ਿੰਦਗੀ ਦੀ ਹੀ ਸਮਝ ਨਹੀਂ ਹੈ।

❊ ❊ ❊

ਜਿਨ੍ਹਾਂ ਦਾਨ-ਪੁੰਨ, ਪੂਜਾ-ਪਾਠ ਤੁਸੀ ਕਰਦੇ ਹੋ ਉਸ ਦੇ ਨਾਲ ਤਾਂ ਤੁਹਾਡੇ ਕੀਤੇ ਹੋਏ ਪਾਪ ਵੀ ਨਹੀਂ ਧੁੱਲਦੇ। ਰੱਬ ਦੀ ਪ੍ਰਾਪਤੀ ਤਾਂ ਇਕ ਪਾਸੇ ਰਹੀ।

❊ ❊ ❊

ਇਨਸਾਨ ਵਿਚ ਤੁਖਮ (ਅੰਸ਼) ਪਿਤਾ ਦਾ, ਤਾਮੀਰ (ਬਨਾਵਟ) ਮਾਂ ਦੀ ਅਤੇ ਸੋਹਬਤ (ਸੰਸਕਾਰ) ਸੰਗਤ ਦੀ ਹੁੰਦੀ ਹੈ।

❊ ❊ ❊

ਦਿੱਲ ਦੇ ਰਿਸ਼ਤੇ ਜਜ਼ਬਾਤੀ ਹਨ ਅਤੇ ਦਿਮਾਗ ਦੇ ਰਿਸ਼ਤੇ ਸਬਰ, ਸਿਦਕ, ਸੰਤੋਖ ਅਤੇ ਪਿਆਰ ਦੇ ਹਨ। ਉਹ ਰਿਸ਼ਤਾ ਹੈ ਆਤਮਾ ਅਤੇ ਪਰਮਾਤਮਾ ਦਾ।

❊ ❊ ❊

ਜਿਵੇਂ ਪਿਤਾ ਪੁੱਤਰ ਨੂੰ ਰੁਪਇਆ ਤਾਂ ਦੇ ਦਿੰਦਾ ਹੈ ਅੱਗੇ ਇਹ ਪੁੱਤਰ ਦਾ ਫਰਜ਼ ਹੈ ਕਿ ਉਹ ਉਸ ਨੂੰ ਚੰਗੇ ਕੰਮਾਂ ਵਿਚ ਖਰਚ ਕਰਦਾ ਹੈ ਜਾਂ ਬੁਰੇ ਕੰਮਾਂ ਵਿਚ। ਇਸ ਤਰ੍ਹਾਂ ਹੀ ਰੱਬ ਇਨਸਾਨ ਨੂੰ ਜਨਮ ਦਿੰਦਾ ਹੈ ਅੱਗੇ ਇਹ ਉਸਦਾ ਫਰਜ਼ ਹੈ ਕਿ ਉਹ ਜਨਮ ਨੂੰ ਨੇਕ ਰਸਤੇ ਉਤੇ ਲਾਉਂਦਾ ਹੈ ਜਾਂ ਬੁਰੇ ਰਸਤੇ ਉਤੇ।

❊ ❊ ❊

ਰੱਬ ਅਤੇ ਜੱਗ ਦੋ ਕਿਨਾਰੇ ਹਨ, ਪਰ ਵਿਚ ਦਾ ਪਾਣੀ ਪਿਆਰ ਵਾਂਗ ਹੈ। ਇਸ ਵਿਚ ਏਨ੍ਹੀ ਤਾਕਤ ਹੈ ਕਿ ਦੁਨੀਆ ਦੀ ਸਾਰੀ ਮੈਲ ਸਾਫ ਹੋ ਜਾਂਦੀ ਹੈ।

❊ ❊ ❊

ਸੱਭ ਤੋਂ ਪਹਿਲਾਂ ਆਪਣੇ ਆਪ ਨੂੰ ਲੱਭੋ ਫਿਰ ਉਸ ਨੂੰ ਲੱਭੋ।

❊ ❊ ❊

ਸਚਖੰਡ ਨਾਨਕ ਧਾਮ ਵਿਚ ਆਉਣ ਵਾਲੇ ਦਾਸੋ ਇੱਥੇ ਤੁਹਾਨੂੰ ਰੱਬ ਨਹੀਂ ਮਿਲੇ ਗਾ, ਬਲਕਿ ਤੁਹਾਨੂੰ ਉਸ ਦੀ ਰਜ਼ਾ, ਮੌਜ, ਮਰਜੀ ਵਿਚ ਰਹਿਣ ਦੀ ਤਾਕਤ ਮਿਲੇਗੀ। ਇਹ ਚੀਜ ਤੁਹਾਡੇ ਵਿਚ ਆ ਜਾਵੇਗੀ ਤਾਂ ਤੁਸੀਂ ਆਪ ਹੀ ਰੱਬ ਹੋ।

❊ ❊ ❊

ਦਾਤਾ ਨੂੰ ਦੇਣ ਲਾਇਕ ਕਮਾਈ ਨਹੀਂ, ਸੰਤ ਉਸ ਬੰਦੇ ਨੂੰ ਆਪਣੇ ਰਸਤੇਤੇ ਚਲੱਣ ਲਾਇਕ ਹਿੰਮਤ ਹੀ ਨਹੀਂ ਦਿੰਦੇ।

❊ ❊ ❊

ਮੇਰਾ ਦਾਤਾ ਆਖਦਾ ਹੈ ਕਿ ਤੁਹਾਡੀ ਅੰਦਰੂਨੀ ਪੁਕਾਰ ਮੇਰੀ ਪੁਕਾਰ ਹੈ, ਨਾ ਮੈਂ ਤੁਹਾਡੇ ਬਾਹਰੀ ਸ਼ਰੀਰ ਵੇਖੇ ਹਨ ਨਾ ਹੀ ਵੇਖਾਂਗਾ। ਜਦੋਂ ਤੱਕ ਤੁਹਾਡੀ ਅੰਦਰੂਨੀ ਪ੍ਰੀਤ ਅਤੇ ਯਾਦ ਕਾਇਮ ਹੈ ਮੈਂ ਤੁਹਾਡੇ ਨਾਲ ਹਾਂ ਜਿਸ ਦਿਨ ਇਹ ਨਿਕਲ ਜਾਏਗੀ, ਮੈਂ ਆਪਣੇ ਆਪ ਨਿਕਲ ਜਾਵਾਂਗਾ ਤੁਹਾਡੇ ਕਹਿਣ ਨਾਲ ਨਹੀ

। ❊ ❊ ❊

ਮੇਰੇ ਦਾਤੇ ਦਾ ਕਹਿਣਾ ਹੈ,ਮੱਥੇ ਤੇ ਤਿਲਕ ਮੇਰਾ ਨਿਸ਼ਾਨ ਹੈ
ਇਸ ਵਿਚ ਉਹ ਸ਼ਾਂਤੀ ਹੈ, ਜਿਸ ਤੇ ਮੈਂ ਸਦਾ ਕਿਰਪਾਲ ਹਾਂ।

ਮਹਾਰਾਜ ਦਰਸ਼ਨ ਦਾਸ